ਅੰਗ ੧੧੦੭ = ਉਥਾਨਕਾ = ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੁਖਾਰੀ ੨੨ ਵਾਂ ਰਾਗ ਹੈ। ਗੁਰੂ ਨਾਨਕ ਦੇਵ ਜੀ ਨੇ ਬਾਰਹ ਮਾਹਾ ਦੀ ਰਚਨਾ ਕਰਕੇ ਇਸ ਰਾਗ ਨੂੰ ਗਾਇਆ ਹੈ। ਇਸ ਦੇ ਸੁਰ ਮਾਰਵਾ ਤੇ ਗੂਜਰੀ ਨਾਲ ਮਿਲਦੇ ਹਨ। ਮਹਾਨ ਕੋਸ਼ ਵਿਚ ਭਾ. ਕਾਨ੍ਹ ਸਿੰਘ ਨਾਭਾ ਇਸ ਨੂੰ ਸੰਪੂਰਨ ਜਾਤੀ ਦੀ ਰਾਗਣੀ ਮੰਨਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਚਾਰ ਘੜੀ ਦਿਨ ਚੜ੍ਹੇ ਦਾ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵੀ ਦਰਜ ਹੈ। ਇਸ ਬਾਰਹ ਮਾਹਾ ਦੀਆਂ ੧੭ ਪਉੜੀਆਂ ਹਨ, ਪਹਿਲੀਆਂ ੪ ਪਉੜੀਆਂ ਮੰਗਲ ਰੂਪ ਹਨ, ਫਿਰ ੫ ਤੋਂ ੧੬ ਵੀਂ ਪਉੜੀ ਤੱਕ ੧੨ ਮਹੀਨਿਆਂ ਦਾ ਵਰਨਣ ਹੈ। ਅੰਤ ੧੭ ਵੀਂ ਪਉੜੀ ਵਿਚ ਇਸ ਬਾਣੀ ਦੇ ਤੱਤ ਨੂੰ ਨਿਰੂਪਣ ਕੀਤਾ ਹੋਇਆ ਹੈ।

ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ੴ ਸਤਿਗੁਰ ਪ੍ਰਸਾਦਿ ॥ ਤੂ ਸੁਣਿ ਕਿਰਤ ਕਰੰਮਾ, ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ, ਦੇਹਿ ਸੁ ਤੂ ਭਲਾ ॥ ਹਰਿ ਰਚਨਾ ਤੇਰੀ ਕਿਆ ਗਤਿ ਮੇਰੀ, ਹਰਿ ਬਿਨੁ ਘੜੀ ਨ ਜੀਵਾ ॥ ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ, ਗੁਰਮੁਖਿ ਅੰਮ੍ਰਿਤੁ ਪੀਵਾਂ ॥ ਰਚਨਾ ਰਾਚਿ ਰਹੇ ਨਿਰੰਕਾਰੀ, ਪ੍ਰਭ ਮਨਿ ਕਰਮ ਸੁਕਰਮਾ ॥ ਨਾਨਕ ਪੰਥੁ ਨਿਹਾਲੇ ਸਾ ਧਨ, ਤੂ ਸੁਣਿ ਆਤਮ ਰਾਮਾ ॥੧॥ (ਜੀਵ ਇਸਤ੍ਰੀ ਪਤੀ ਪ੍ਰਮੇਸਰ ਨੂੰ ਬੇਨਤੀ ਕਰਦੀ ਹੈ) ਹੇ ਪ੍ਰਭੂ ! ਤੂੰ ਸੁਣ, ਅਪਣੇ ਪਿਛਲੇ ਜਨਮਾਂ ਵਿਚ ਕਮਾਏ ਕਰਮਾਂ ਅਨੁਸਾਰ। ਹਰ ਇਕ ਜੀਵ ਨੇ ਜੋ ਸੁਖ ਜਾਂ ਦੁਖ ਪ੍ਰਾਪਤ ਕੀਤਾ ਹੈ, (ਸੁਖ ਦੁਖ ਰੂਪ ਵਿਚ ਜੋ ਫਲ) ਤੂੰ ਦੇਵੇਂ, (ਜੀਵ ਲਈ) ਉਹੀ ਸੋਈ ਚੰਗਾ ਹੈ ਭਾਵ ਇਹ ਤੇਰਾ ਨਿਆਂ ਹੈ (ਮੈਂ ਵੀ ਅਪਣੇ ਕੀਤੇ ਕਰਮਾਂ ਕਰਕੇ ਤੈਥੋਂ ਵਿਛੜੀ ਹਾਂ) । ਹੇ ਪ੍ਰਭੂ ! ਮੈਂ ਤੇਰੀ ਰਚਨਾ (ਪੈਦਾਵਾਰ) ਹਾਂ, (ਦੇਖ ਤੇਰੇ ਬਿਨਾ) ਮੇਰੀ ਕੀ ਹਾਲਤ ਹੋ ਰਹੀ ਹੈ? ਮੈਂ ਤੇਰੇ ਬਿਨਾ ਇਕ ਘੜੀ ਨਹੀਂ ਜਿਉਂਦੀ ਰਹਿ ਸਕਦੀ। ਹੇ ਪਿਆਰੇ ਪ੍ਰਭੂ ! ਮੈਂ ਤੇਰੇ ਬਿਨਾ ਬਹੁਤ ਦੁਖੀ ਹਾਂ, (ਤੇਰੇ ਬਿਨਾ) ਮੇਰਾ ਕੋਈ ਬੇਲੀ ਨਹੀਂ ਹੈ, (ਮੇਰੇ ਤੇ ਕ੍ਰਿਪਾ ਕਰ) ਮੈਂ ਗੁਰੂ ਦੁਆਰਾ ਤੇਰਾ ਨਾਮ ਅੰਮ੍ਰਿਤ ਪੀਵਾਂ। ਅਸੀਂ ਜੀਵ ਨਿਰੰਕਾਰ ਦੀ ਰਚਨਾ ਵਿਚ ਰਚ ਰਹੇ ਹਾਂ, (ਪਰ ਅਸਲ ਵਿਚ) ਪ੍ਰਭੂ ਨੂੰ ਮਨ ਵਿਚ ਵਸਾਉਣਾ ਕਰਮਾਂ ਵਿਚੋਂ ਉਤਮ ਕਰਮ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਪ੍ਰਭੂ ! ਤੂੰ (ਮੇਰੀ ਬੇਨਤੀ) ਸੁਣ, ਮੈਂ ਜੀਵ ਇਸਤ੍ਰੀ ਤੇਰਾ ਰਸਤਾ ਦੇਖ ਰਹੀ ਹਾਂ (ਅਤੇ ਕ੍ਰਿਪਾ ਕਰਕੇ ਮੈਨੂੰ ਦਰਸ਼ਨ ਦੇਹ)।੧।

ਪਦਾਰਥ = ਬਾਰਹ ਮਾਹਾ–ਬਾਰਾਂ ਮਹੀਨਿਆਂ ਦੇ ਨਾਮ ਵਾਲੀ ਬਾਣੀ। ਕਿਰਤ ਕਰੰਮਾ–ਕੀਤੇ ਕਰਮਾਂ ਦੀ ਕਿਰਤ ਅਨੁਸਾਰ। ਪੁਰਬਿ–ਪਿਛਲੇ ਜਨਮਾਂ ਵਿਚ। ਸਿਰਿ ਸਿਰਿ–ਹਰੇਕ ਜੀਵ ਨੇ। ਸਹੰਮਾ–ਸੁਖ; ਡਰ। ਦੇਹਿ ਤੂ–ਤੂੰ ਦੇਵੇਂ। ਸੁ–ਉਹੀ। ਭਲਾ–ਚੰਗਾ ਹੈ। ਗਤਿ–ਹਾਲਤ। ਪ੍ਰਿਅ–ਹੇ ਪਿਆਰੇ ਪ੍ਰਭੂ !। ਬਾਝੁ–ਬਿਨਾ। ਬਾਝੁ–ਬਿਨਾ। ਦੁਹੇਲੀ–ਦੁਖੀ। ਬੇਲੀ–ਮਿਤ੍ਰ; ਮੱਦਤ ਕਰਨ ਵਾਲਾ। ਗੁਰਮੁਖਿ–ਗੁਰੂ ਦੁਆਰਾ। ਰਾਚਿ ਰਹੇ–ਫਸ ਰਹੇ ਹਾਂ। ਨਿਰੰਕਾਰੀ–ਨਿਰੰਕਾਰ ਦੀ। ਮਨਿ–ਮਨ ਵਿਚ। ਸੁਕਰਮਾ–ਉਤਮ ਕਰਮ। ਪੰਥੁ–ਰਾਹ। ਨਿਹਾਲੇ–ਦੇਖਦੀ ਹਾਂ। ਸਾਧਨ–ਇਸਤ੍ਰੀ। ਆਤਮ ਰਾਮਾ–ਸਰਬ ਵਿਆਪਕ ਪ੍ਰਭੂ।੧ ।

ਵਿਆਖਿਆ = ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਤਮ ਰਚਨਾ ਹੈ, ਜੋ ਗੁਰੂ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਕੁਝ ਹੀ ਸਮਾਂ ਪਹਿਲਾਂ ਉਚਾਰਨ ਕੀਤੀ ਹੈ। ਵਾਹਿਗੁਰੂ ਵੱਲੋਂ ਸੱਦਾ ਆਉਣ ਵੇਲੇ ਇਉਂ ਮਹਿਸੂਸ ਕਰਦੇ ਹਨ ਜਿਵੇਂ ਪੇਕੇ ਘਰ ਰਹਿੰਦੀ ਇਸਤ੍ਰੀ ਅਪਣੇ ਪਤੀ ਨੂੰ ਮਿਲਣ ਲਈ ਤਿਆਰ ਹੁੰਦੀ ਹੈ। ਪਹਿਲਾਂ ਬਿਰਹੋਂ ਦਾ ਭਾਵ ਜਾਗਦਾ ਹੈ ਅਤੇ 'ਪ੍ਰਿਅ ਬਾਝੁ ਦੁਹੇਲੀ' ਮਹਿਸੂਸ ਕਰਦੀ ਹੋਈ ਪ੍ਰਿਉ ਪ੍ਰਿਉ ਕਰਦੀ ਪਤੀ ਦਾ ਰਾਹ ਤੱਕਦੀ ਹੈ। ਨਾਲ ਨਾਲ ਉਸ ਦੇ ਮਿੱਠੇ ਮਿੱਠੇ ਗੁਣ ਯਾਦ ਕਰਦੀ ਹੋਈ ਮੇਲ ਦੀ ਤਾਂਘ ਦਸਦੀ ਹੈ। ਜਦ ਇਹ ਤਾਂਘ ਪੂਰੀ ਹੁੰਦੀ ਦਿਸਦੀ ਹੈ ਅਤੇ ਪਤੀ ਦੇ ਮੇਲ ਦੀ ਉਮੀਦ ਬੱਝਦੀ ਹੈ, ਤਾਂ ਅਪਣੀਆਂ ਅੱਖਾਂ ਅੱਗੇ ਅਪਣੇ ਪੇਕੇ ਘਰ ਦੀਆਂ ਝਾਕੀਆਂ ਇਕ ਇਕ ਕਰਕੇ ਆਉਂਦੀਆਂ ਹਨ ਅਤੇ ਪਤੀ ਵਿਛੋੜੇ ਦਾ ਸੱਲ ਦੁਆਉਂਦੀਆਂ ਹਨ। ਬਿਰਹੋਂ ਦੀਆਂ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਅਨੰਦ ਤੱਕ ਦਾ ਬੜਾ ਸੁੰਦਰ ਤੇ ਦਿਲ–ਖਿਚਵਾਂ ਵਰਨਣ ਹੈ ਤੇ ਆਮ ਮਨੁੱਖਾਂ ਅੰਦਰ ਵੀ ਪਿਆਰ ਜਗਾਉਣ ਦੀ ਸਮਰੱਥਾ ਰੱਖਦਾ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਵੇਂ ਗੁਰੂ ਜੀ ਸ੍ਰੀ ਕਰਤਾਰ ਪੁਰ ਸਾਹਿਬ ਵਿਚ ਅਪਣੀਆਂ ਅੱਖਾਂ ਮੀਟਦੇ ਹਨ, ਪਰ ਜਿਹੜੇ ਨਜਾਰੇ ਅੱਖਾਂ ਅੱਗੇ ਲਿਆਉਂਦੇ ਹਨ, ਉਹ ਨਨਕਾਣਾ ਸਾਹਿਬ ਦੇ ਹਨ, ਜਿੱਥੇ ਬਚਪਨ ਗੁਜਾਰਿਆ ਸੀ ਅਤੇ ਜਿਥੇ ਪਸ਼ੂ ਚਾਰਦਿਆਂ ਕੜਕਦੀ ਦੁਪਹਿਰ ਵੇਲੇ ਕਿਧਰੇ ਲੰਮੇ ਪਿਆਂ 'ਟੀਡੁ ਲਵੈ ਮੰਝਿ ਬਾਰੇ' ਸੁਣਿਆ ਹੈ। ਅੱਧੀ ਸਦੀ ਮਗਰੋਂ ਚੇਤੇ ਆ ਰਿਹਾ ਹੈ ਕਿ ਹੁਣ ਮੇਰੀ ਜਨਮ–ਭੂਮੀ ਬਾਰ ਵਿਚ ਵਣ ਦਾ ਰੁਖ ਫੁਲਿਆ ਹੋਣਾ

ਹੈ, ਹੁਣ ਉਥੇ ਲੰਮੇ ਲੰਮੇ ਘਾਹਾਂ ਨੇ ਬੁੰਬਲ ਕਢੇ ਹੋਣੇ ਨੇ। ਪਹਿਲੇ ਚਾਰ ਛੰਦਾਂ ਵਿਚ ਵਿਛੋੜੇ ਤੇ ਫੇਰ ਮੇਲ ਨੂੰ ਸਧਾਰਣ ਢੰਗ ਨਾਲ ਥੋੜੇ ਸ਼ਬਦਾਂ ਵਿਚ ਅਦਾ ਕੀਤਾ ਹੈ, ਫਿਰ ਵਿਸਥਾਰ ਨਾਲ ਬਾਰਾਂ ਮਹੀਨਿਆਂ ਰਾਹੀਂ ਬਿਆਨ ਕੀਤਾ ਹੈ, ਅੰਤ ਦਾ ਛੰਦ ਸਮੁੱਚੀ ਵਿਚਾਰ ਹੈ, ਜੋ ਮਿਲਾਪ ਦੀ ਤਸਵੀਰ ਹੈ (ਸ਼ਬਦਾਰਥ)।

ਬਾਬੀਹਾ ਪ੍ਰਿਉ ਬੋਲੇ, ਕੋਕਿਲ ਬਾਣੀਆ ॥ ਸਾਧਨ ਸਭਿ ਰਸ ਚੋਲੈ, ਅੰਕਿ ਸਮਾਣੀਆ ॥ ਹਰਿ ਅੰਕਿ ਸਮਾਣੀ, ਜਾ ਪ੍ਰਭ ਭਾਣੀ, ਸਾ ਸੋਹਾਗਣ ਨਾਰੇ ॥ ਨਵ ਘਰ ਥਾਪਿ ਮਹਲ ਘਰੁ ਊਚਉ ,ਨਿਜ ਘਰਿ ਵਾਸੁ ਮੁਰਾਰੇ ॥ ਸਭ ਤੇਰੀ ਤੂ ਮੇਰਾ ਪ੍ਰੀਤਮੁ ,ਨਿਸਿ ਬਾਸੁਰ ਰੰਗਿ ਰਾਵੈ ॥ ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ, ਕੋਕਿਲ ਸਬਦਿ ਸੁਹਾਵੈ ॥੨॥ (ਜਿਵੇਂ) ਬਬੀਹਾ ਪ੍ਰਿਉ ਪ੍ਰਿਉ ਬੋਲਦਾ ਹੈ ਅਤੇ ਕੋਇਲ ਮਿੱਠੀ ਬੋਲੀ ਬੋਲਦੀ ਹੈ (ਤਿਵੇਂ ਪ੍ਰੇਮ ਵਾਲੀ ਇਸਤ੍ਰੀ ਦਾ ਚਿਤ ਰੂਪ ਪਪੀਹਾ ਪਤੀ ਪਤੀ ਕਰਦਾ ਹੈ ਤੇ ਜੀਭ ਰੂਪ ਕੋਇਲ ਪਿਆਰ ਦੀ ਬੋਲੀ ਬੋਲਦੀ ਹੈ)। ਇਹ ਜੀਵ ਇਸਤ੍ਰੀ ਸਾਰੇ ਸੁਆਦ ਮਾਣਦੀ ਹੈ ਅਤੇ ਪਤੀ ਪ੍ਰਭੂ ਦੇ ਅੰਗਾਂ ਵਿਚ ਸਮਾਈ ਰਹਿੰਦੀ ਹੈ। ਉਹੋ ਜੀਵ ਇਸਤ੍ਰੀ ਸੁਹਾਗਣ ਹੁੰਦੀ ਹੈ, ਜਿਹੜੀ ਪ੍ਰਭੂ ਨੂੰ ਭਾ ਜਾਂਦੀ ਹੈ, (ਇਉਂ ਉਹ) ਪਤੀ ਪ੍ਰਭੂ ਦੇ ਅੰਗਾਂ ਵਿਚ ਸਮਾ ਜਾਂਦੀ ਹੈ।(ਪਤੀ ਦਾ ਟਿਕਾਣਾ ਕਿਥੇ ਵੇਖਦੀ ਹੈ?) ਪਤੀ ਪ੍ਰਭੂ ਨੇ ਸਰੀਰ ਰੂਪ ਮਹਿਲ ਦੀਆਂ ਨੌਂ ਗੋਲਕਾਂ ਰਚ ਕੇ ਉਸ ਵਿਚ ਅਪਣੇ ਵਸਣ ਲਈ ਉਚਾ ਨਿਵਾਸ ਅਸਥਾਨ (ਦਸਮ ਦੁਆਰ ਅਰਥਾਤ ਨਿਜ ਘਰ) ਬਣਾਇਆ ਹੈ, ਪ੍ਰਭੂ ਦਾ ਨਿਵਾਸ ਉਸ ਨਿਜ ਘਰ (ਸ੍ਵੈ ਸਰੂਪ) ਵਿਚ ਹੈ। (ਪ੍ਰੇਮਣ ਜੀਵ ਇਸਤ੍ਰੀ) ਰਾਤ ਦਿਨ ਪ੍ਰੇਮ ਨਾਲ ਪ੍ਰਭੂ ਨੂੰ ਸਿਮਰਦੀ ਹੈ ਅਤੇ ਆਖਦੀ ਹੈ ਕਿ ਹੇ ਪ੍ਰਭੂ ਪਤੀ! ਸਾਰੀ ਸ੍ਰਿਸਟੀ ਤੇਰੀ ਹੈ, ਤੂੰ ਮੇਰਾ ਪਿਆਰਾ ਪ੍ਰੀਤਮ ਹੈਂ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜਿਵੇਂ ਪਪੀਹਾ ਪ੍ਰਿਉ ਪ੍ਰਿਉ ਬੋਲਦਾ ਹੈ ਤੇ ਕੋਇਲ ਮਿੱਠੀ ਬੋਲੀ ਬੋਲਦੀ ਹੈ (ਤਿਵੇਂ ਪ੍ਰੇਮ ਵਾਲੀ ਜੀਵ ਇਸਤ੍ਰੀ) ਸ਼ਬਦ ਦੁਆਰਾ (ਨਾਮ ਸਿਮਰਦੀ ਹੋਈ) ਸੋਭਦੀ ਹੈ।੨।

ਪਦਾਰਥ = ਬਬੀਹਾ–ਪਪੀਹਾ। ਕੋਕਿਲ–ਕੋਇਲ। ਬਾਣੀਆ–ਮਿੱਠੀ ਬੋਲੀ। ਸਾਧਨ–ਪਤੀਬ੍ਰਤਾ ਇਸਤ੍ਰੀ। ਰਸ–ਸੁਆਦ। ਚੋਲੈ–ਖਾਂਦੀ (ਮਾਣਦੀ) ਹੈ। ਅੰਕਿ–ਅੰਗਾਂ ਵਿਚ; ਦਿਲ ਵਿਚ। ਸਮਾਣੀਆ–ਸਮਾ ਜਾਂਦੀ ਹੈ। ਜਾ–ਜਿਹੜੀ। ਭਾਣੀ–ਚੰਗੀ ਲਗਦੀ ਹੈ। ਸਾ ਨਾਰੇ–ਉਹ ਇਸਤ੍ਰੀ। ਨਵ ਘਰ–ਨੌਂ ਗੋਲਕਾਂ (ਨੌਂ ਇੰਦ੍ਰੀਆਂ ਵਾਲਾ ਸਰੀਰ)। ਥਾਪਿ–ਅਸਥਾਪਨ ਕਰ (ਬਣਾ) ਕੇ। ਨਿਜ ਘਰਿ–ਅਪਣੇ ਘਰ (ਸ੍ਵੈ ਸਰੂਪ) ਵਿਚ। ਮੁਰਾਰੇ–ਹੰਕਾਰ ਨੂੰ ਨਾਸ਼ ਕਰਨ ਵਾਲਾ ਪ੍ਰਭੂ। ਸਭ ਤੇਰੀ–ਸਾਰੀ ਸ੍ਰਿਸਟੀ ਤੇਰੀ ਹੈ। ਨਿਸਿ–ਰਾਤ। ਬਾਸੁਰ–ਦਿਨ। ਰੰਗਿ–ਪ੍ਰੇਮ ਨਾਲ। ਰਾਵੈ–ਸਿਮਰਦੀ ਹੈ। ਚਵੈ–ਬੋਲਦਾ ਹੈ। ਸਬਦਿ–ਸ਼ਬਦ ਦੁਆਰਾ। ਸੁਹਾਵੈ–ਸੋਭਦੀ ਹੈ।੨।

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥ ਮਨਿ ਤਨਿ ਰਵਤ ਰਵੰਨੇ, ਘੜੀ ਨ ਬੀਸਰੈ ॥ ਕਿਉ ਘੜੀ ਬਿਸਾਰੀ ਹਉ ਬਲਿਹਾਰੀ, ਹਉ ਜੀਵਾ ਗੁਣ ਗਾਏ ॥ ਨਾ ਕੋਈ ਮੇਰਾ ਹਉ ਕਿਸੁ ਕੇਰਾ, ਹਰਿ ਬਿਨੁ ਰਹਣੁ ਨ ਜਾਏ ॥ ਓਟ ਗਹੀ ਹਰਿ ਚਰਣ ਨਿਵਾਸੇ, ਭਏ ਪਵਿਤ੍ਰ ਸਰੀਰਾ ॥ ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ, ਗੁਰ ਸਬਦੀ ਮਨੁ ਧੀਰਾ ॥੩॥ ਹੇ ਪ੍ਰਭੂ! ਅਪਣੇ ਪ੍ਰੀਤਮ ਹਰੀ ਦੇ ਰਸ ਵਿਚ ਭਿੱਜੇ ਹੋਏ ਸੇਵਕ ਦਾ ਤੂੰ ਹਾਲ ਸੁਣ। ਨਾਮ ਜਪਣ ਨਾਲ ਮੇਰੇ ਮਨ ਤੇ ਸਰੀਰ ਵਿਚ ਤੂੰ ਇਉਂ ਸਮਾਇਆ ਹੋਇਆ ਹੈਂ ਕਿ ਮੈਨੂੰ ਤੂੰ ਇਕ ਘੜੀ ਵੀ ਨਹੀਂ ਭੁਲਦਾ। (ਹੇ ਪ੍ਰਭੂ! ਤੈਨੂੰ) ਮੈਂ ਇਕ ਘੜੀ ਸਮੇਂ ਲਈ ਵੀ ਕਿਉਂ ਭੁਲਾਵਾਂ, ਮੈਂ ਤੇਰੇ ਤੋਂ ਬਲਿਹਾਰ ਹਾਂ ਅਤੇ ਮੈਂ ਤੇਰੇ ਗੁਣ ਗਾ ਕੇ ਜਿਉਂਦਾ ਹਾਂ। (ਤੇਰੇ ਬਿਨਾ) ਮੇਰਾ ਕੋਈ ਨਹੀਂ ਹੈਂ, ਮੈਂ ਵੀ (ਤੇਰੇ ਬਿਨਾ ਹੋਰ) ਕਿਸ ਦਾ ਹਾਂ? {ਕਬੀਰਾ ਹਮਰਾ ਕੋ ਨਹੀ ਹਮ ਕਿਸਹੂ ਕੇ ਨਾਹਿ। ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ ੧੩੭੫} ਹਰੀ ਦੇ ਨਾਮ ਸਿਮਰਨ ਤੋਂ ਬਿਨਾਂ ਮੈਥੋਂ ਰਿਹਾ ਨਹੀਂ ਜਾਂਦਾ। (ਜਦ ਤੋਂ ਮੈਂ) ਹਰੀ ਦੀ ਓਟ ਫੜੀ ਹੈ ਅਤੇ ਹਰੀ ਦੇ ਚਰਨ ਮਨ ਵਿਚ ਵਸੇ ਹਨ, (ਮੇਰਾ) ਸਰੀਰ ਤੇ (ਹੋਰ ਸਾਰੇ ਇੰਦ੍ਰੇ) ਪਵਿਤ੍ਰ ਹੋ ਗਏ ਹਨ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਜਦੋਂ ਕਿਸੇ ਮਨੁੱਖ ਦਾ) ਮਨ ਗੁਰੂ ਦੇ ਸ਼ਬਦ ਰਾਹੀਂ ਧੀਰਜਵਾਨ ਹੋ ਜਾਂਦਾ ਹੈ, ਤਾਂ ਉਹ ਸੁਖ ਪਾਉਂਦਾ ਹੈ ਅਤੇ ਲੰਮੀ ਦ੍ਰਿਸਟੀ ਵਾਲਾ ਹੋ ਜਾਂਦਾ ਹੈ।੩।

ਪਦਾਰਥ = ਹਰਿ ਰਸ–ਹਰੀ ਦੇ ਰਸ ਵਿਚ। ਭਿੰਨੇ–ਭਿੱਜੇ ਹੋਏ। ਪ੍ਰੀਤਮ–ਹੇ ਪਿਆਰੇ!। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਰਵਤ –ਜਪਣ ਨਾਲ। ਰਵੰਨੇ–ਸਮਾਇਆ ਹੈ। ਨ ਬੀਸਰੈ–ਨਹੀਂ ਭੁਲਦਾ। ਬਿਸਾਰੀ–ਭੁੱਲ ਜਾਵਾਂ। ਹਉ–ਮੈਂ। ਬਲਿਹਾਰੀ–ਸਦਕੇ ਜਾਂਦਾ ਹਾਂ। ਗਾਏ–ਗਾ ਕੇ। ਕੇਰਾ–ਦਾ। ਰਹਣੁ ਨ ਜਾਏ–ਰਿਹਾ ਨਹੀਂ ਜਾਂਦਾ। ਗਹੀ–ਫੜੀ ਹੈ। ਭਏ–ਹੋ ਗਏ। ਦ੍ਰਿਸਟਿ ਦੀਰਘ–ਲੰਮੀ ਨਜਰ; ਦੂਰ ਅੰਦੇਸੀ। ਗੁਰ ਸਬਦੀ–ਗੁਰੂ ਦੇ ਸ਼ਬਦ ਰਾਹੀਂ। ਧੀਰਾ–ਧੀਰਜਵਾਨ।੩।

ਬਰਸੈ ਅੰਮ੍ਰਿਤ ਧਾਰ, ਬੂੰਦ ਸੁਹਾਵਣੀ ॥ ਸਾਜਨ ਮਿਲੇ ਸਹਜਿ ਸੁਭਾਇ, ਹਰਿ ਸਿਉ ਪ੍ਰੀਤਿ ਬਣੀ ॥ ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ, ਧਨ ਊਭੀ ਗੁਣ ਸਾਰੀ ॥ ਘਰਿ ਘਰਿ ਕੰਤੁ ਰਵੈ ਸੋਹਾਗਣਿ, ਹਉ ਕਿਉ ਕੰਤਿ ਵਿਸਾਰੀ ॥ ਉਨਵਿ ਘਨ ਛਾਏ ਬਰਸੁ ਸੁਭਾਏ, ਮਨਿ ਤਨਿ ਪ੍ਰੇਮੁ ਸੁਖਾਵੈ ॥ ਨਾਨਕ ਵਰਸੈ ਅੰਮ੍ਰਿਤ ਬਾਣੀ, ਕਰਿ ਕਿਰਪਾ ਘਰਿ ਆਵੈ ॥੪॥ (ਜਿਸ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ) ਅੰਮ੍ਰਿਤ ਨਾਮ ਦੀ ਸੁਹਾਵਣੀ ਬੂੰਦਾਂ ਦੀ ਧਾਰਾ ਵਰਸਦੀ ਹੈ (ਜਿਸ ਮਨੁੱਖ ਨੂੰ ਗੁਰੂ ਨਾਮ ਬਾਣੀ ਦਾ ਉਪਦੇਸ਼ ਦੇਂਦਾ ਹੈ। ਉਸ ਨੂੰ) ਸਜਨ ਪ੍ਰਭੂ ਸਹਿਜ ਸੁਭਾਵਕ ਮਿਲ ਜਾਂਦਾ ਹੈ (ਕਿਉਂਕਿ) ਹਰੀ ਸਜਨ ਨਾਲ (ਉਸ ਦੀ) ਪ੍ਰੀਤ ਬਣ ਗਈ ਹੁੰਦੀ ਹੈ। ਜਦੋਂ ਪ੍ਰਭੂ ਸਜਨ ਨੂੰ (ਜੀਵ ਇਸਤ੍ਰੀ) ਚੰਗੀ ਲਗਦੀ ਹੈ, ਤਾਂ ਹਰੀ ਜੀਵ ਇਸਤ੍ਰੀ ਦੇ ਹਿਰਦੇ ਰੂਪ ਮੰਦਰ ਵਿਚ ਆਉਂਦਾ ਹੈ ਅਤੇ ਜੀਵ ਇਸਤ੍ਰੀ ਖੜੀ ਹੋ ਕੇ (ਉਸ ਦੇ) ਗੁਣਾਂ ਨੂੰ ਸੰਭਾਲਦੀ ਹੈ। ਪਤੀ ਪ੍ਰਭੂ ਘਰ ਘਰ ਵਿਚ ਸੁਹਾਗਣਾਂ ਨਾਲ ਅਨੰਦ ਮਾਣਦਾ ਹੈ, (ਜੀਵ ਇਸਤ੍ਰੀ ਮਨ ਵਿਚ ਸੋਚਦੀ ਹੈ ਕਿ) ਮੈਨੂੰ ਪਤੀ ਪ੍ਰਭੂ ਨੇ ਕਿਉ ਭੁਲਾ ਦਿਤਾ ਹੈ? (ਸੁਹਾਗਣ ਦੇਖਦੀ ਹੈ ਕਿ) ਬੱਦਲ ਝੁਕ ਕੇ ਛਾਏ ਹੋਏ ਹਨ, ਸੁਭਾਵਕ ਹੀ ਬੱਦਲ ਵਰਸ ਪੈਂਦਾ ਹੈ (ਗੁਰੂ ਕ੍ਰਿਪਾ ਕਰਕੇ ਨਾਮ ਅੰਮ੍ਰਿਤ ਦੀ ਵਰਖਾ ਕਰਦੇ ਹਨ, ਕਿਉਂਕਿ ਮੇਰੇ) ਮਨ ਤੇ ਤਨ ਵਿਚ ਪ੍ਰਭੂ ਦਾ ਪ੍ਰੇਮ ਸੁਖਾਉਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਜਿਸ ਜੀਵ ਇਸਤ੍ਰੀ ਦੇ ਹਿਰਦੇ ਵਿਚ) ਅੰਮ੍ਰਿਤ ਬਾਣੀ ਦੀ ਵਰਖਾ ਹੁੰਦੀ ਹੈ (ਜਿਸ ਮਨੁੱਖ ਨੂੰ ਗੁਰੂ ਨਾਮ ਬਾਣੀ ਦਾ ਉਪਦੇਸ਼ ਦੇਂਦੇ ਹਨ), ਪ੍ਰਭੂ ਕ੍ਰਿਪਾ ਕਰਕੇ (ਉਸ ਦੇ) ਹਿਰਦੇ ਆ ਵਸਦਾ ਹੈ (ਮੇਰੇ ਅੰਦਰ ਵੀ ਆ ਵਸੇਗਾ)।੪।

ਪਦਾਰਥ = ਬਰਸੈ–ਵਰਸਦੀ ਹੈ। ਧਾਰ ਬੂੰਦ–ਬੂੰਦਾਂ ਦੀ ਧਾਰਾ। ਸਹਜਿ ਸੁਭਾਇ–ਸਹਿਜ ਸੁਭਾਵਕ ਹੀ। ਹਰਿ ਸਿਉ–ਹਰੀ ਨਾਲ। ਮੰਦਰਿ–ਹਿਰਦੇ ਰੂਪ ਮੰਦਰ ਵਿਚ। ਜਾ–ਜਦੋਂ। ਭਾਵੈ–ਚੰਗਾ ਲਗਦਾ ਹੈ। ਧਨ–ਜੀਵ ਇਸਤ੍ਰੀ। ਊਭੀ–ਖੜੀ ਹੋ ਕੇ। ਸਾਰੀ–ਸੰਭਾਲਦੀ ਹੈ। ਘਰਿ ਘਰਿ–ਹਰੇਕ ਦੇ ਹਿਰਦੇ ਘਰ ਵਿਚ। ਕੰਤੁ–ਪਤੀ ਪ੍ਰਭੂ। ਹਉ–ਮੈਨੂੰ। ਕੰਤਿ–ਪਤੀ ਪ੍ਰਭੂ ਨੇ। ਵਿਸਾਰੀ–ਭੁਲਾ ਦਿਤਾ ਹੈ। ਰਵੈ–ਭੋਗਦਾ (ਅਨੰਦ ਮਾਣਦਾ) ਹੈ। ਉਨਵਿ–ਝੁਕ ਕੇ। ਘਨ–ਬੱਦਲ। ਬਰਸੁ–ਵਰਸ ਪੈਂਦਾ ਹੈ। ਸੁਭਾਏ–ਸੁਭਾਵਕ ਹੀ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਸੁਖਾਵੈ–ਸੁਖ ਦੇਂਦਾ ਹੈ; ਚੰਗਾ ਲਗਦਾ ਹੈ।੪।(ਇਥੇ ਤੱਕ ਮੰਗਲ ਰੂਪ ਚਾਰ ਬੰਦ ਹਨ)।

ਅੰਗ ੧੧੦੮ = ਚੇਤੁ ਬਸੰਤੁ ਭਲਾ, ਭਵਰ ਸੁਹਾਵੜੇ ॥ ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੈ ॥ ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ, ਬਿਰਹਿ ਬਿਰੋਧ ਤਨੁ ਛੀਜੈ ॥ ਕੋਕਿਲ ਅੰਬਿ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ ॥ ਭਵਰ ਭਵੰਤਾ ਫੂਲੀ ਡਾਲੀ, ਕਿਉ ਜੀਵਾ ਮਰੁ ਮਾਏ ॥ ਨਾਨਕ ਚੇਤਿ ਸਹਜਿ ਸੁਖੁ ਪਾਵੈ, ਜੇ ਹਰਿ ਵਰੁ ਘਰਿ ਧਨ ਪਾਏ ॥੫॥ ਚੇਤ ਮਹੀਨੇ ਵਿਚ ਬਸੰਤ ਦਾ ਮੌਸਮ ਬਹੁਤ ਚੰਗਾ ਹੈ ਅਤੇ ਫੁੱਲਾਂ ਉਤੇ ਬੈਠੇ ਭੌਰੇ ਸੋਹਣੇ ਲਗਦੇ ਹਨ। ਬਾਰ ਦੇ ਇਲਾਕੇ ਵਿਚ ਵਨਸਪਤੀ ਦੇ ਫੁੱਲ ਖਿੜੇ ਹੋਏ ਹਨ, (ਜੇ ਅਜੇਹੇ ਸਮੇਂ ਵਿਚ) ਪਤੀ ਪ੍ਰਭੂ ਮੇਰੇ ਹਿਰਦੇ ਘਰ ਵਿਚ ਆ ਪਹੁੰਚੇ (ਜਿਵੇਂ ਬਨਸਪਤੀ ਦੇ ਫੁੱਲ ਖਿੜੇ ਹੋਣ ਤਾਂ ਬਹੁਤ ਰੌਣਕ ਬਣ ਜਾਂਦੀ ਹੈ, ਤਿਵੇਂ ਪਤੀ ਪ੍ਰਭੂ ਦੇ ਆਉਣ ਨਾਲ ਮੇਰਾ ਦਿਲ ਖੁਸ਼ੀ ਵਿਚ ਖਿੜ ਜਾਵੇ। ਜਦ ਤੱਕ) ਪਤੀ ਪ੍ਰਭੂ ਹਿਰਦੇ ਘਰ ਵਿਚ ਨਹੀਂ ਆਉਂਦਾ, ਤਾਂ ਜੀਵ ਇਸਤ੍ਰੀ ਸੁਖ ਕਿਵੇਂ ਪ੍ਰਾਪਤ ਕਰ ਸਕਦੀ ਹੈ? (ਸੱਗੋਂ) ਰੁਕਾਵਟ ਪਾਉਣ ਵਾਲੇ ਕਾਮਾਦਿਕਾਂ ਕਰਕੇ (ਪਤੀ ਨਾਲੋਂ) ਵਿਛੋੜੇ ਵਿਚ (ਉਸ ਦਾ) ਸਰੀਰ ਟੁੱਟ ਰਿਹਾ ਹੁੰਦਾ ਹੈ। ਅੰਬਾਂ ਦੇ ਦਰੱਖਤਾਂ ਉਤੇ ਬੋਲ ਰਹੀ ਕੋਇਲ ਸੋਹਣੀ ਲਗਦੀ ਹੈ, (ਪਰ ਪਤੀ ਪ੍ਰਭੂ ਦੇ ਵਿਛੋੜੇ ਦਾ) ਦੁਖ ਮੈਂ ਹਿਰਦੇ ਵਿਚ ਕਿਵੇ ਸਹਾਰਾਂ? (ਬਾਹਰਲੀਆਂ ਰੌਣਕਾਂ ਵਿਛੋੜੇ ਦੇ ਦੁੱਖ ਨੂੰ ਤੇਜ ਕਰਦੀਆਂ ਹਨ)। ਡਾਲੀਆਂ ਦੇ ਫੁੱਲਾਂ ਉਤੇ ਭੌਰਾ ਘੁੰਮ ਰਿਹਾ ਹੈ, ਹੇ ਮਾਂ! (ਵਿਛੋੜੇ ਕਰਕੇ) ਮੈਂ ਕਿਵੇਂ ਜੀਵਾਂ? (ਮੇਰੇ ਲਈ ਇਹ ਜੀਵਨ) ਮੌਤ ਸਮਾਨ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਜੀਵ ਇਸਤ੍ਰੀ ਪਤੀ ਪ੍ਰਭੂ ਨੂੰ ਹਿਰਦੇ ਘਰ ਵਿਚ ਪ੍ਰਾਪਤ ਕਰ ਲਵੇ, (ਤਾਂ ਉਹ) ਚੇਤ ਮਹੀਨੇ ਵਿਚ ਸਹਜੇ ਹੀ ਸੁਖ ਪ੍ਰਾਪਤ ਕਰ ਸਕਦੀ ਹੈ।੫।

ਪਦਾਰਥ = ਭਲਾ–ਚੰਗਾ। ਭਵਰ–ਭੌਰੇ। ਸੁਹਾਵੜੇ–ਸੋਹਣੇ; ਸੁਹਾਵਣੇ। ਬਨ–ਜੰਗਲ; ਬਨਸਪਤੀ, ਬੇਲ ਬੂਟੇ। ਫੂਲੇ–ਫੁੱਲ ਖਿੜੇ ਹੋਏ ਹਨ। ਮੰਝ–ਵਿਚ। ਬਾਰਿ–ਬਾਰ (ਨਨਕਾਣਾ ਸਾਹਿਬ) ਦਾ ਇਲਾਕਾ; ਉਜਾੜ। ਪਿਰੁ–ਪਤੀ ਪ੍ਰਭੂ। ਘਰਿ–ਹਿਰਦੇ ਘਰ ਵਿਚ। ਬਾਹੁੜੈ–ਆ ਪਹੁੰਚੇ। ਧਨ–ਜੀਵ ਇਸਤ੍ਰੀ। ਬਿਰਹਿ–ਵਿਛੋੜੇ ਵਿਚ। ਬਿਰੋਧ–ਰੁਕਾਵਟ ਪਾਉਣ ਵਾਲੇ ਕਾਮਾਦਿਕ। ਤਨੁ–ਸਰੀਰ। ਛੀਜੈ–ਟੁੱਟਦਾ ਹੈ; ਕਮਜ਼ੋਰ ਹੁੰਦਾ ਹੈ। ਅੰਬਿ–ਅੰਬਾਂ ਉਤੇ। ਸੁਹਾਵੀ–ਸੋਹਣੀ। ਭਵੰਤਾ–ਘੁੰਮਦਾ ਹੈ। ਫੂਲੀ–ਫੁੱਲਾਂ ਉਤੇ। ਡਾਲੀ–ਟਾਹਣੀਆਂ। ਮਰੁ–

ਮੌਤ।ਮਾਏ–ਹੇ ਮਾਂ।ਚੇਤਿ–ਚੇਤ ਦੇ ਮਹੀਨੇ ਵਿਚ।ਸਹਜਿ–ਸੁਭਾਵਕ ਹੀ।ਹਰਿ ਵਰੁ–ਪਤੀ ਪ੍ਰਭੂ।ਪਾਏ–ਪਾ ਲਵੇ।੫।

ਵੈਸਾਖੁ ਭਲਾ ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ ॥ ਘਰਿ ਆਉ ਪਿਆਰੇ ਦੁਤਰ ਤਾਰੇ, ਤੁਧੁ ਬਿਨੁ ਅਢੁ ਨ ਮੋਲੋ ॥ ਕੀਮਤਿ ਕਉਣ ਕਰੇ ਤੁਧੁ ਭਾਵਾਂ, ਦੇਖਿ ਦਿਖਾਵੈ ਢੋਲੋ ॥ ਦੂਰਿ ਨ ਜਾਨਾ ਅੰਤਰਿ ਮਾਨਾ, ਹਰਿ ਕਾ ਮਹਲੁ ਪਛਾਨਾ ॥ ਨਾਨਕ ਵੈਸਾਖੀਂ ਪ੍ਰਭੁ ਪਾਵੈ, ਸੁਰਤਿ ਸਬਦਿ ਮਨੁ ਮਾਨਾ ॥੬॥ ਵੈਸਾਖ ਮਹੀਨਾ ਚੰਗਾ ਹੈ, (ਜਿਸ ਵਿਚ ਬਨਸਪਤੀ ਦੀ ਹਰੇਕ) ਟਾਹਣੀ ਨਵਾਂ ਵੇਸ ਧਾਰਨ ਕਰ (ਪ੍ਰਫੁੱਲਤ ਹੋ) ਰਹੀ ਹੈ (ਸੱਜ ਵਿਆਹੀ ਮੁਟਿਆਰ ਵਾਂਙ ਨਵੇਂ ਨਵੇਂ ਪੱਤਿਆਂ ਦਾ ਸ਼ਿੰਗਾਰ ਕਰਦੀ ਹੈ।ਐਸੇ ਸੁਹਾਵਣੇ ਮਹੀਨੇ ਵਿਚ) ਜੀਵ ਇਸਤ੍ਰੀ ਅਪਣੇ ਹਿਰਦੇ ਦਰ ਤੇ ਪ੍ਰਭੂ ਪਤੀ ਨੂੰ (ਖੜੀ ਹੋਈ) ਦੇਖਦੀ ਹੈ (ਉਡੀਕ ਕਰਦੀ ਬੇਨਤੀ ਕਰਦੀ ਹੈ ਕਿ ਹੇ ਪ੍ਰਭੂ ਪਤੀ!) ਦਇਆ ਕਰਕੇ ਮੇਰੇ ਹਿਰਦੇ ਘਰ ਵਿਚ ਆਓ।ਹੇ ਪਿਆਰੇ! ਮੇਰੇ ਹਿਰਦੇ ਘਰ ਵਿਚ ਆਓ ਅਤੇ ਮੈਨੂੰ ਕਠਨ ਤਰਨ ਵਾਲੇ ਸੰਸਾਰ ਸਮੁੰਦਰ ਤੋਂ ਤਾਰ ਦਿਓ, ਤੇਰੇ ਬਿਨਾ ਮੇਰਾ ਅੱਧੀ ਕੌਡੀ ਮੁੱਲ ਵੀ ਨਹੀਂ।ਜੇ ਮੈਂ ਤੈਨੂੰ ਚੰਗੀ ਲੱਗਣ ਲੱਗ ਜਾਵਾਂ, ਤਾਂ ਮੇਰੀ ਕੀਮਤ ਕੌਣ ਕਰ (ਪਾ) ਸਕਦਾ ਹੈ? (ਐਸੇ) ਪਿਆਰੇ ਪ੍ਰਭੂ ਨੂੰ ਕੋਈ ਮਨੁੱਖ ਦੇਖ ਕੇ ਮੈਨੂੰ ਦਿਖਾ ਦੇਵੇ।(ਹੇ ਪਿਆਰੇ ਪ੍ਰਭੂ!) ਮੈਂ ਤੈਨੂੰ ਦੂਰ ਨਹੀਂ ਜਾਣਦੀ, (ਤੈਨੂੰ) ਮੈਂ ਅਪਣੇ ਹਿਰਦੇ ਅੰਦਰ ਵਸਦਾ ਮੰਨਦੀ ਹਾਂ, (ਹੁਣ ਮੈਂ) ਹਰੀ ਦਾ ਮਹਿਲ ਪਛਾਣਦੀ ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਵੈਸਾਖ ਮਹੀਨੇ ਵਿਚ (ਉਹ ਜੀਵ ਇਸਤ੍ਰੀ) ਪ੍ਰਭੂ ਪਤੀ ਨੂੰ ਪ੍ਰਾਪਤ ਕਰ ਲੈਂਦੀ ਹੈ, (ਜਿਸ ਦੀ) ਸੁਰਤ ਗੁਰੂ ਦੇ ਸ਼ਬਦ ਵਿਚ ਜੁੜ ਜਾਂਦੀ ਹੈ ਅਤੇ (ਜਿਸ ਦਾ) ਮਨ ਪਤੀਜ ਜਾਂਦਾ ਹੈ।੬।

ਪਦਾਰਥ = ਭਲਾ–ਚੰਗਾ।ਸਾਖਾ–ਟਾਹਣੀਆਂ।ਵੇਸ ਕਰੇ–ਪਹਿਰਾਵਾ ਧਾਰਨ ਕਰਦੀ ਹੈ।ਧਨ–ਜੀਵ ਇਸਤ੍ਰੀ।ਦੇਖੈ–ਦੇਖਦੀ ਭਾਵ ਉਡੀਕਦੀ ਹੈ।ਦੁਆਰਿ–ਬੂਹੇ ਉਤੇ।ਕਰੇ–ਕਰਕੇ।ਘਰਿ–ਹਿਰਦੇ ਘਰ ਵਿਚ।ਦੁਤਰ–ਕਠਨ ਤਰਿਆ ਜਾਣ ਵਾਲਾ ਸਮੁੰਦਰ।ਤਾਰੇ–ਤਾਰ ਦਿਓ।ਤੁਧੁ–ਤੇਰਾ।ਅਢੁ–ਅੱਧੀ ਕੌਡੀ।ਮੋਲੋ–ਮੁੱਲ।ਤੁਧੁ ਭਾਵਾਂ–ਜੇ ਤੈਨੂੰ ਚੰਗੀ ਲੱਗਣ ਲਗ ਜਾਵਾਂ।ਦੇਖਿ–ਦੇਖ ਕੇ।ਦਿਖਾਵੈ–ਦਿਖਾ (ਦਰਸ਼ਨ ਕਰਾ) ਦੇਵੇ।ਢੋਲੋ–ਪਿਆਰੇ ਪਤੀ ਨੂੰ।ਨ ਜਾਨਾ–ਨਹੀਂ ਜਾਣਦੀ।ਅੰਤਰਿ–ਹਿਰਦੇ ਅੰਦਰ।ਮਾਨਾ–ਮੰਨਦੀ ਹਾਂ। ਮਹਲੁ–ਟਿਕਾਣਾ।ਵੈਸਾਖੀਂ–ਵੈਸਾਖ ਵਿਚ।ਸੁਰਤਿ–ਧਿਆਨ।ਸਬਦਿ–ਸ਼ਬਦ ਵਿਚ।ਮਨੁ ਮਾਨਾ–ਮਨ ਪਤੀਜ ਗਿਆ।੬।

ਮਾਹੁ ਜੇਠੁ ਭਲਾ, ਪ੍ਰੀਤਮੁ ਕਿਉ ਬਿਸਰੈ ॥ ਥਲ ਤਾਪਹਿ ਸਰ ਭਾਰ, ਸਾ ਧਨ ਬਿਨਉ ਕਰੈ ॥ ਧਨ ਬਿਨਉ ਕਰੇਦੀ ਗੁਣ ਸਾਰੇਦੀ, ਗੁਣ ਸਾਰੀ ਪ੍ਰਭ ਭਾਵਾ ॥ ਸਾਚੈ ਮਹਲਿ ਰਹੈ ਬੈਰਾਗੀ, ਆਵਣ ਦੇਹਿ ਤ ਆਵਾ ॥ ਨਿਮਾਣੀ ਨਿਤਾਣੀ ਹਰਿ ਬਿਨੁ ,ਕਿਉ ਪਾਵੈ ਸੁਖ ਮਹਲੀ ॥ ਨਾਨਕ ਜੇਠਿ ਜਾਣੈ ਤਿਸੁ ਜੈਸੀ, ਕਰਮਿ ਮਿਲੈ ਗੁਣ ਗਹਿਲੀ ॥੭॥ ਜੇਠ ਮਹੀਨਾ ਚੰਗਾ ਹੈ, (ਜੇਠ ਮਹੀਨੇ ਦੀ ਤਪਸ਼ ਵਿਚ ਵੀ ਪ੍ਰਭੂ ਦੇ ਪਿਆਰ ਵਾਲੀ ਜੀਵ ਇਸਤ੍ਰੀ ਨੂੰ) ਪਿਆਰਾ ਪ੍ਰਭੂ ਕਿਵੇਂ ਭੁੱਲ ਸਕਦਾ ਹੈ? (ਨਹੀਂ ਭੁੱਲ ਸਕਦਾ।ਜੇਠ ਮਹੀਨੇ ਦੀ ਤਪਸ਼ ਨਾਲ) ਥਲ ਭੱਠ ਵਾਂਗ ਤਪ ਰਹੇ ਹਨ (ਇਸੇ ਤਰ੍ਹਾਂ ਵਿਸ਼ੇ ਵਿਕਾਰਾਂ ਦੀ ਅੱਗ ਨਾਲ ਜੀਵਾਂ ਦੇ ਹਿਰਦੇ ਤਪਦੇ ਹਨ, ਇਸ ਤਪਸ਼ ਦੇ ਬਚਾਓ ਵਾਸਤੇ ਜੀਵ ਇਸਤ੍ਰੀ ਪ੍ਰਭੂ ਅੱਗੇ) ਬੇਨਤੀ ਕਰਦੀ ਹੈ।ਜੀਵ ਇਸਤ੍ਰੀ ਪ੍ਰਭੂ ਦੇ ਗੁਣ ਯਾਦ ਕਰਦੀ ਹੈ ਅਤੇ ਇਉਂ ਬੇਨਤੀ ਕਰਦੀ ਹੈ ਕਿ ਹੇ ਪ੍ਰਭੂ! ਮੈਂ ਤੇਰੇ ਗੁਣ ਯਾਦ ਕਰਦੀ ਹਾਂ, ਤਾਂ ਕਿ ਮੈਂ ਤੈਨੂੰ ਚੰਗੀ ਲੱਗ ਜਾਵਾਂ।(ਮਾਇਆ ਤੋਂ) ਨਿਰਲੇਪ ਪ੍ਰਭੂ ਅਪਣੇ ਸੱਚੇ ਮਹਿਲ ਵਿਚ ਰਹਿੰਦਾ ਹੈ, (ਜੀਵ ਇਸਤ੍ਰੀ ਬੇਨਤੀ ਕਰਦੀ ਹੈ ਕਿ ਹੇ ਪ੍ਰਭੂ! ਜੇ ਤੂੰ ਮੈਨੂੰ ਅਪਣੇ ਮਹਿਲ ਵਿਚ) ਆਉਣ ਦੀ ਆਗਿਆ ਦੇਵੇਂ, ਤਾਂ ਮੈਂ ਆਵਾਂ।ਪ੍ਰਭੂ ਤੋਂ ਬਿਨਾ (ਜੀਵ ਇਸਤ੍ਰੀ) ਨਿਮਾਣੀ ਤੇ ਨਿਤਾਣੀ ਹੈ, ਉਹ ਪ੍ਰਭੂ ਪਤੀ ਦੇ ਮਹਿਲਾਂ ਵਿਚ ਸੁਖ ਕਿਵੇਂ ਪ੍ਰਾਪਤ ਕਰ ਸਕਦੀ ਹੈ? ਨਾਨਕ ਗੁਰੂ ਜੀ ਆਖਦੇ ਹਨ ਕਿ ਜੇਠ ਦੇ ਮਹੀਨੇ ਵਿਚ (ਜਿਹੜੀ ਜੀਵ ਇਸਤ੍ਰੀ ਪ੍ਰਭੂ ਨੂੰ) ਜਾਣ ਲੈਂਦੀ ਹੈ, (ਉਹ) ਉਸ ਪ੍ਰਭੂ ਵਰਗੀ ਬਣ ਜਾਂਦੀ ਹੈ, (ਕਿਉਂਕਿ ਉਹ ਪ੍ਰਭੂ ਦੇ) ਗੁਣ ਗ੍ਰਹਿਣ ਕਰਨ ਵਾਲੀ ਹੋ ਗਈ ਹੈ, (ਉਸ ਨੂੰ) ਬਖਸ਼ਿਸ਼ ਦੁਆਰਾ ਪ੍ਰਭੂ ਮਿਲ ਜਾਂਦਾ ਹੈ।੭।

ਪਦਾਰਥ = ਮਾਹੁ–ਮਹੀਨਾ।ਭਲਾ–ਚੰਗਾ।ਕਿਉ ਬਿਸਰੈ–ਕਿਵੇਂ ਭੁੱਲ ਸਕਦਾ ਹੈ? ਥਲ–ਥਾਵਾਂ।ਤਾਪਹਿ–ਤਪਦੇ ਹਨ।ਸਰ–ਵਾਂਗ।ਭਾਰ–ਭੱਠ।ਸਾਧਨ–ਜੀਵ ਇਸਤ੍ਰੀ।ਬਿਨਉ–ਬੇਨਤੀ।ਧਨ–ਇਸਤ੍ਰੀ।ਸਾਰੇਦੀ–ਯਾਦ ਕਰਦੀ ਹੈ; ਸੰਭਾਲਦੀ ਹੈ।ਸਾਰੀ–ਯਾਦ ਕਰਦੀ ਹੈ।ਭਾਵਾ–ਚੰਗੀ ਲੱਗਾਂ।ਸਾਚੈ ਮਹਲਿ–ਸੱਚੇ ਮਹਿਲ ਵਿਚ।ਬੈਰਾਗੀ–ਨਿਰਲੇਪ।ਆਵਣ ਦੇਹਿ–ਜੇ ਆਉਣ ਦੇਵੇਂ।ਤ ਆਵਾ–ਤਾਂ ਆਵਾਂ।ਨਿਮਾਣੀ–(ਜਿਸ ਦਾ) ਕੋਈ ਆਦਰ ਨਹੀਂ ਕਰਦਾ।ਨਿਤਾਣੀ–ਬਲ ਹੀਣ।ਮਹਲੀ–ਮਹਿਲਾਂ ਵਿਚ।ਜੇਠਿ–ਜੇਠ ਮਹੀਨੇ

ਵਿਚ। ਜਾਣੈ–ਜਾਣ ਲੈਂਦੀ ਹੈ। ਤਿਸੁ ਜੈਸੀ–ਉਸ (ਪ੍ਰਭੂ) ਵਰਗੀ। ਕਰਮਿ–ਬਖਸ਼ਿਸ਼ ਨਾਲ। ਗਹਿਲੀ–ਗ੍ਰਹਿਣ ਕਰਨ ਵਾਲੀ।੭।

ਆਸਾੜੁ ਭਲਾ ਸੂਰਜੁ ਗਗਨਿ ਤਪੈ ॥ ਧਰਤੀ ਦੂਖ ਸਹੈ, ਸੋਖੈ ਅਗਨਿ ਭਖੈ ॥ ਅਗਨਿ ਰਸੁ ਸੋਖੈ ਮਰੀਐ ਧੋਖੈ, ਭੀ ਸੋ ਕਿਰਤੁ ਨ ਹਾਰੇ ॥ ਰਥੁ ਫਿਰੈ ਛਾਇਆ, ਧਨ ਤਾਕੈ, ਟੀਡੁ ਲਵੈ ਮੰਝਿ ਬਾਰੇ ॥ ਅਵਗਣ ਬਾਧਿ ਚਲੀ ਦੁਖੁ ਆਗੈ, ਸੁਖੁ ਤਿਸੁ ਸਾਚੁ ਸਮਾਲੇ ॥ ਨਾਨਕ ਜਿਸ ਨੋ ਇਹੁ ਮਨੁ ਦੀਆ, ਮਰਣੁ ਜੀਵਣੁ ਪ੍ਰਭ ਨਾਲੇ ॥੮॥ ਹਾੜ ਮਹੀਨਾ ਚੰਗਾ ਹੈ, (ਹਾੜ ਦੇ ਮਹੀਨੇ ਵਿਚ) ਅਕਾਸ਼ ਵਿਚ ਸੂਰਜ ਤਪ ਰਿਹਾ ਹੁੰਦਾ ਹੈ {ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ ੮੬੦}। (ਸੂਰਜ ਦੀ ਤਪਸ਼ ਨਾਲ ਧਰਤੀ ਦੀ ਨਮੀ) ਸੁੱਕਦੀ ਹੈ, ਤਾਂ ਧਰਤੀ ਦੁਖ ਸਹਿੰਦੀ, ਧਰਤੀ ਅੱਗ ਵਾਂਗ ਭਖਦੀ ਹੈ। ਸੂਰਜ ਦੀ ਅੱਗ ਨਾਲ (ਧਰਤੀ ਦਾ) ਪਾਣੀ ਸੁਕ ਰਿਹਾ ਹੈ, (ਜੀਵ) ਧੁਖ ਧੁਖ ਕੇ ਮਰਦੇ ਜਾਂਦੇ ਹਨ (ਹਾੜ ਦੀ ਗਰਮੀ ਨਾਲ ਜੀਵ ਔਖੇ ਹੁੰਦੇ ਹਨ), ਤਾਂ ਵੀ ਉਹ (ਸੂਰਜ ਸੇਕ ਦੇਣ ਦਾ) ਕੰਮ ਹਾਰਦਾ (ਛਡਦਾ) ਨਹੀਂ। ਸੂਰਜ ਦਾ ਰਥ ਫਿਰਦਾ ਹੈ (ਸੂਰਜ ਦੀ ਧੁੱਪ ਤੇਜ ਹੁੰਦੀ ਹੈ, ਤਾਂ ਗਰਮੀ ਤੋਂ ਬਚਣ ਲਈ) ਜੀਵ ਇਸਤ੍ਰੀ ਛਾਂ ਤਕਦੀ ਫਿਰਦੀ ਹੈ, ਬੀਂਡਾ ਬਾਰ ਦੇ ਇਲਾਕੇ ਵਿਚ ਟੀਂ ਟੀਂ ਬੋਲਦਾ ਹੈ। ਜਿਹੜੀ ਜੀਵ ਇਸਤ੍ਰੀ ਇਥੋਂ ਔਗਣਾਂ ਦੀ ਪੰਡ ਬੰਨ੍ਹ ਕੇ ਚਲਦੀ ਹੈ, ਉਸ ਨੂੰ ਅੱਗੇ ਜਾ ਕੇ ਦੁਖ ਮਿਲਦਾ ਹੈ, (ਪਰ ਜੋ) ਸੱਚੇ ਪ੍ਰਭੂ ਨੂੰ ਸੰਭਾਲਦੀ ਹੈ, ਉਸ ਨੂੰ ਸੁਖ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਨੇ (ਸੱਚ ਨੂੰ ਸੰਭਾਲਣ ਵਾਲਾ) ਇਹ ਮਨ ਦਿਤਾ ਹੈ, ਉਸ ਦਾ ਮਰਨਾ ਜਿਉਣਾ ਪ੍ਰਭੂ ਨਾਲ ਹੁੰਦਾ ਹੈ।੮।

ਪਦਾਰਥ = ਆਸਾੜੁ–ਹਾੜ ਦਾ ਮਹੀਨਾ। ਭਲਾ–ਚੰਗਾ। ਗਗਨਿ–ਅਕਾਸ਼ ਵਿਚ। ਤਪੈ–ਤਪਦਾ ਹੈ। ਸਹੈ–ਸਹਾਰਦੀ ਹੈ। ਸੋਖੈ–ਸੁੱਕਦੀ ਹੈ। ਭਖੈ–ਭਖਦਾ ਹੈ। ਧੋਖੈ–ਧੁਖ ਧੁਖ ਕੇ। ਮਰੀਐ–ਮਰਦਾ ਹੈ। ਭੀ–ਤਾਂ ਭੀ। ਸੋ–ਉਹ (ਸੂਰਜ)। ਕਿਰਤੁ–ਕੰਮ। ਨਾ ਹਾਰੇ–ਹਾਰਦਾ ਨਹੀਂ। ਫਿਰੈ–ਫਿਰਦਾ ਹੈ। ਧਨ–ਇਸਤ੍ਰੀ। ਤਾਕੈ–ਤੱਕਦੀ ਹੈ। ਟੀਡੁ–ਬੀਂਡਾ। ਲਵੈ–ਬੋਲਦਾ ਹੈ। ਮੰਝਿ–ਵਿਚ। ਬਾਰੇ–ਬਾਰ ਦੇ ਇਲਾਕੇ ਵਿਚ। ਬਾਧਿ–ਬੰਨ੍ਹ ਕੇ। ਆਗੈ–ਅੱਗੇ (ਪ੍ਰਲੋਕ ਵਿਚ)। ਤਿਸੁ–ਉਸ ਨੂੰ। ਸਾਚੁ–ਸੱਚੇ ਪ੍ਰਭੂ ਨੂੰ। ਸਮਾਲੇ–ਸੰਭਾਲਦੀ ਹੈ।੮।

ਭਾਵ ਅਰਥ = ਆਸਾ ਰੂਪ ਹੜ੍ਹ ਆਇਆ ਹੋਇਆ ਹੈ, ਮਿਥਿਆ ਗਿਆਨ (ਜਾਂ ਅਗਿਆਨ) ਰੂਪ ਸੂਰਜ ਹਿਰਦੇ ਰੂਪ ਅਕਾਸ਼ ਵਿਚ ਚੰਗੀ ਤਰ੍ਹਾਂ ਤਪਦਾ ਹੈ। ਦੇਹ ਅਧਿਆਸ ਦਾ ਸੂਰਜ ਅੱਗ ਵਾਂਗ ਭਖਦਾ ਹੈ, ਅਗਿਆਨ ਦਾ ਸੂਰਜ ਸ਼ੁੱਭ ਗੁਣਾਂ ਦਾ ਰਸ ਸੁੱਕਾ ਰਿਹਾ ਹੈ, ਜਿਸ ਕਰਕੇ ਸਰੀਰ ਰੂਪ ਧਰਤੀ ਦੁਖ ਸਹਿੰਦੀ ਹੈ। ਇਸ ਅੱਗ ਨਾਲ ਸਰੀਰ ਰੂਪ ਧਰਤੀ ਦਾ ਸ਼ੁੱਭ ਗੁਣਾਂ ਰੂਪ ਪਾਣੀ ਸੁੱਕ ਰਿਹਾ ਹੈ, ਇਸੇ ਚਿੰਤਾ ਵਿਚ ਅਗਿਆਨੀ ਜੀਵ ਬਿਅਰਥ ਮੌਤੇ ਮਰਦੇ ਜਾ ਰਹੇ ਹਨ, ਫਿਰ ਵੀ ਅਗਿਆਨ ਅਪਣਾ ਕੰਮ ਹਾਰਦਾ ਨਹੀਂ। ਜਦ ਅਗਿਆਨ ਦਾ ਸੂਰਜ ਫਿਰਦਾ (ਅਗਿਆਨ ਪੂਰੇ ਜੋਬਨ ਤੇ ਹੁੰਦਾ ਹੈ), ਤਾਂ ਜੀਵ ਇਸਤ੍ਰੀ ਸ਼ਾਂਤੀ ਰੂਪ ਛਾਂ ਤੱਕਦੀ ਹੈ, ਹਿਰਦੇ ਰੂਪ ਉਜਾੜ ਵਿਚ ਇੰਦ੍ਰੇ ਜਾਂ ਕਾਮਾਦਿਕ ਬੀਂਡੇ ਬੋਲਦੇ ਹਨ ਭਾਵ ਅਪਣੇ ਅਪਣੇ ਵਿਸ਼ਿਆਂ ਵੱਲ ਖਿੱਚਦੇ ਹਨ (ਉਹ ਸ਼ਾਂਤੀ, ਇਕਾਗ੍ਰਤਾ ਅਤੇ ਪ੍ਰਭੂ ਨਾਲ ਮਿਲਾਪ ਨਹੀਂ ਹੋਣ ਦਿੰਦੇ)। ਅਗਲੀਆਂ ਦੋ ਤੁਕਾਂ ਦੇ ਅਰਥ ਉਪਰ ਵਾਲੇ ਹੀ ਹਨ।

ਸਾਵਣਿ ਸਰਸ ਮਨਾ, ਘਣ ਵਰਸਹਿ ਰੁਤਿ ਆਏ ॥ ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ, ਦਾਮਨਿ ਚਮਕਿ ਡਰਾਏ ॥ ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁਖੁ ਮਾਏ ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ ॥ ਨਾਨਕ ਸਾ ਸੋਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ ॥੯॥ (ਹਾੜ ਮਹੀਨੇ ਦੀ ਬਹੁਤੀ ਤਪਸ਼ ਨਾਲ ਘਾਹ ਤੇ ਬੂਟੇ ਆਦਿ ਸੁੱਕ ਜਾਂਦੇ ਹਨ। ਅਜੇਹੀ ਤਪਸ਼ ਪਿਛੋਂ ਸਾਵਣ ਮਹੀਨੇ ਦੀਆਂ ਘਟਾਂ ਚੜ੍ਹਦੀਆਂ ਹਨ ਅਤੇ ਜੋਰ ਦਾ ਮੀਂਹ ਵਰ੍ਹਦਾ ਹੈ। ਜਿਸ ਨਾਲ ਸੁੱਕੇ ਬੇਲ ਬੂਟੇ ਘਾਹ ਆਦਿ ਹਰੇ ਹੋ ਜਾਂਦੇ ਹਨ, ਪਾਣੀ ਨਾਲ ਛੱਪੜ ਭਰ ਜਾਂਦੇ ਹਨ, ਹਾੜ ਦੀ ਤਪਸ਼ ਤੋਂ ਰਾਹਤ ਮਿਲਦੀ ਹੈ, ਸਭ ਪਾਸੇ ਹਰਿਆਵਲ ਦੇਖ ਕੇ ਮਨੁੱਖ ਬੋਲ ਉਠਦਾ ਹੈ ਕਿ)। ਹੇ ਮਨ! ਸਾਵਣ ਦੇ ਮਹੀਨੇ ਵਿਚ ਵਰਖਾ ਰੁੱਤ ਆਈ ਹੈ, (ਦੇਖ) ਬੱਦਲ ਵਰ੍ਹਦੇ ਹਨ, (ਹੁਣ) ਤੂੰ ਵੀ ਹਰਾ ਭਰਾ ਹੋ ਜਾ ਭਾਵ ਖੁਸ਼ ਹੋ (ਸਾਵਣ ਉਹ ਮਹੀਨਾ ਹੈ, ਜਦ ਮਨੁੱਖ ਗੁਰੂ ਸ਼ਰਣ ਵਿਚ ਜਾਂਦਾ ਹੈ, ਜਿਥੇ ਗੁਰੂ ਰੂਪ ਬੱਦਲ ਨਾਮ ਬਾਣੀ ਦੀ ਵਰਖਾ ਕਰਦਾ ਹੈ)। ਮੇਰੇ ਮਨ ਤੇ ਤਨ ਵਿਚ ਪ੍ਰਭੂ ਮਾਲਕ ਚੰਗਾ ਲਗਦਾ ਹੈ, (ਪਰ ਅਜੇ ਮਿਲਿਆ ਨਹੀਂ) ਪਤੀ ਪ੍ਰਭੂ ਪ੍ਰਦੇਸ ਗਿਆ ਹੋਇਆ ਹੈ ਭਾਵ ਪ੍ਰਗਟ ਨਹੀਂ ਹੋਇਆ। (ਜਦ ਤੱਕ) ਪ੍ਰਭੂ ਪਤੀ ਮੇਰੇ ਹਿਰਦੇ ਘਰ ਵਿਚ ਨਹੀਂ ਆਉਂਦਾ, ਮੈਂ ਹਾਉਕਿਆਂ ਨਾਲ ਮਰ ਰਹੀ ਹਾਂ ਅਤੇ (ਮਾਇਆ ਰੂਪ) ਬਿਜਲੀ

(ਧਨ ਸੰਪਦਾ ਰੂਪ) ਚਮਕਾਰਿਆਂ ਨਾਲ ਮੈਨੂੰ ਡਰਾਉਂਦੀ ਹੈ। ਮੇਰੀ (ਹਿਰਦੇ ਰੂਪ) ਸੇਜ ਇਕੱਲੀ ਹੈ, ਮੈਂ ਬਹੁਤ ਦੁਖੀ ਹਾਂ, ਹੇ ਮਾਂ! (ਪਤੀ ਨਾਲੋਂ ਵਿਛੋੜੇ ਦਾ) ਦੁਖ ਮੌਤ ਰੂਪ ਹੋ ਗਿਆ ਹੈ। ਦੱਸੋ! ਹਰੀ ਤੋਂ ਬਿਨਾ ਨੀਂਦ ਕਿਸ ਤਰ੍ਹਾਂ ਆ ਸਕਦੀ ਹੈ ਤੇ ਕਿਸ ਤਰ੍ਹਾਂ ਭੁੱਖ ਲਗ ਸਕਦੀ ਹੈ? ਅਤੇ ਸਰੀਰ ਉਤੇ ਕੱਪੜਾ ਪਹਿਨਿਆ ਵੀ ਮੈਨੂੰ ਚੰਗਾ ਨਹੀਂ ਲਗਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਅਸਲ ਕੰਤ ਵਾਲੀ ਸੁਹਾਗਵੰਤੀ ਇਸਤ੍ਰੀ ਹੈ, ਜੋ ਪਤੀ ਪ੍ਰਭੂ ਦੇ ਸਰੂਪ ਵਿਚ ਲੀਨ ਹੋ ਜਾਂਦੀ ਹੈ।੯।

ਪਦਾਰਥ = ਸਾਵਣਿ–ਸਾਵਣ ਮਹੀਨੇ ਵਿਚ। ਸਰਸ–ਹਰਾ ਭਰਾ ਹੋ; ਰਸ ਵਾਲਾ ਹੋ। ਘਣ–ਬੱਦਲ। ਰੁਤਿ ਆਏ–ਰੁੱਤ ਆਈ ਹੈ। ਮਨਿ –ਮਨ ਵਿਚ। ਤਨਿ–ਸਰੀਰ ਵਿਚ। ਸਹੁ–ਪਤੀ। ਭਾਵੈ–ਚੰਗਾ ਲਗਦਾ ਹੈ; ਪਿਆਰਾ ਲਗਦਾ ਹੈ। ਪਿਰ–ਪਤੀ। ਸਿਧਾਏ–ਚਲਾ ਗਿਆ ਹੈ। ਘਰਿ–ਹਿਰਦੇ ਘਰ ਵਿਚ। ਮਰੀਐ ਹਾਵੈ–ਹਾਉਕਿਆਂ ਨਾਲ ਮਰ ਰਹੀ ਹਾਂ। ਦਾਮਨਿ–ਬਿਜਲੀ। ਚਮਕਿ–ਚਮਕ ਕੇ। ਖਰੀ–ਬਹੁਤ । ਦੁਹੇਲੀ–ਦੁਖੀ। ਮਰਣੁ ਭਇਆ–ਮੌਤ ਰੂਪ ਹੋ ਗਿਆ ਹੈ। ਮਾਏ–ਹੇ ਮਾਂ!। ਕਹੁ–ਦੱਸੋ। ਨ ਸੁਖਾਵਏ–ਚੰਗਾ ਨਹੀਂ ਲਗਦਾ। ਸਾ–ਉਹ। ਕੰਤੀ–ਪਤੀ ਵਾਲੀ। ਅੰਕਿ–ਸਰੂਪ ਵਿਚ। ਸਮਾਵਏ–ਲੀਨ ਹੋ ਜਾਂਦੀ ਹੈ।੯।

ਭਾਦਉ ਭਰਮਿ ਭੁਲੀ, ਭਰਿ ਜੋਬਨਿ ਪਛੁਤਾਣੀ ॥ ਜਲ ਥਲ ਨੀਰਿ ਭਰੇ, ਬਰਸ ਰੁਤੇ ਰੰਗੁ ਮਾਣੀ ॥ ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ, ਦਾਦਰ ਮੋਰ ਲਵੰਤੇ ॥ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ, ਭੁਇਅੰਗਮ ਫਿਰਹਿ ਡਸੰਤੇ ॥ ਮਛਰ ਡੰਗ ਸਾਇਰ ਭਰ ਸੁਭਰ ,ਬਿਨੁ ਹਰਿ ਕਿਉ ਸੁਖੁ ਪਾਈਐ ॥ ਨਾਨਕ ਪੂਛਿ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ ॥੧੦॥ ਭਾਦੋਂ ਦੇ ਮਹੀਨੇ (ਦ੍ਵੈਤ ਭਾਵ ਵਾਲੀ ਹਾਲਤ) ਵਿਚ ਜੀਵ ਇਸਤ੍ਰੀ ਭਰਮ ਵਿਚ ਭੁੱਲੀ ਰਹਿੰਦੀ ਹੈ, (ਉਹ) ਭਰ ਜੁਆਨੀ ਵਿਚ (ਖੋਟੇ ਕਰਮਾਂ ਕਰਕੇ ਪਤੀ ਦਾ ਮੇਲ ਨਾ ਹੋਣ ਕਰਕੇ) ਪਛਤਾਵਾ ਕਰਦੀ ਹੈ। ਵਰਖਾ ਦੀ ਰੁੱਤ ਵਿਚ ਪਾਣੀ ਦੇ ਅਸਥਾਨ (ਛੱਪੜ) ਪਾਣੀ ਨਾਲ ਭਰੇ ਹੋਏ ਹਨ, (ਤਪਸ਼ ਦੂਰ ਹੋ ਗਈ ਹੈ, ਇਹ ਰੁੱਤ) ਮੌਜ ਮਾਨਣ ਵਾਲੀ ਹੈ। ਕਾਲੀ ਰਾਤ ਵਿਚ ਮੀਂਹ ਵਰਸ ਰਿਹਾ ਹੈ, (ਰਾਗ ਦ੍ਵੈਖ ਰੂਪ) ਡੱਡੂ ਤੇ ਸੰਕਲਪ ਵਿਕੱਲਪ ਰੂਪ) ਮੋਰ ਬੋਲ ਰਹੇ ਹਨ, (ਅਜੇਹੇ ਬਿਘਨਾਂ ਦੇ ਹੁੰਦੇ ਪਤੀ ਤੋਂ ਬਿਨਾ) ਇਸਤ੍ਰੀ ਨੂੰ ਕਿਵੇਂ ਸੁਖ ਮਿਲ ਸਕਦਾ ਹੈ? ਬਬੀਹਾ ਬੋਲ ਰਿਹਾ ਹੈ, (ਉਹ ਸ੍ਵਾਂਤੀ ਬੂੰਦ ਲਈ) ਪ੍ਰਿਉ ਪ੍ਰਿਉ ਬੋਲਦਾ ਹੈ (ਜਗਿਆਸੂ ਇਸਤ੍ਰੀ ਦਾ ਚਿੱਤ ਰੂਪ ਪਪੀਹਾ ਪ੍ਰਭੂ ਦੇ ਮੇਲ ਲਈ ਨਾਮ ਜਪਦਾ ਹੈ, ਕਾਮਾਦਿਕ ਰੂਪ) ਸੱਪ ਡੰਗ ਮਾਰਦੇ ਫਿਰਦੇ ਹਨ। (ਈਰਖਾ ਰੂਪ) ਮੱਛਰ ਵੀ ਡੰਗ ਮਾਰਦੇ ਹਨ, ਸਰੋਵਰ ਨਕੋ ਨੱਕ ਭਰੇ ਹੋਏ ਹਨ, (ਅਜੇਹੇ ਵਾਤਾਵਰਣ ਵਿਚ) ਪਤੀ ਪ੍ਰਭੂ ਤੋਂ ਬਿਨਾ (ਜੀਵ ਇਸਤ੍ਰੀ) ਕਿਵੇਂ ਸੁਖ ਪਾ ਸਕਦੀ ਹੈ? (ਨਹੀਂ ਪਾ ਸਕਦੀ)। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਅਪਣੇ ਗੁਰੂ ਤੋਂ (ਪਤੀ ਪ੍ਰਭੂ ਦਾ ਟਿਕਾਣਾ) ਪੁੱਛ ਕੇ ਚਲਾਂਗੀ, ਜਿੱਥੇ ਪ੍ਰਭੂ ਪਤੀ ਮਿਲੇ, ਉਥੇ ਹੀ ਜਾਣਾ ਚਾਹੀਦਾ ਹੈ।੧੦।

ਪਦਾਰਥ = ਭਾਦਉ–ਭਾਦੋਂ ਦੇ ਮਹੀਨੇ (ਦ੍ਵੈਤ ਭਾਵ ਵਾਲੀ ਹਾਲਤ) ਵਿਚ। ਭਰਮਿ ਭੁਲੀ–ਭਰਮ ਵਿਚ ਭੁੱਲੀ ਹੋਈ ਹੈ। ਭਰਿ ਜੋਬਨਿ–ਪੂਰੀ ਜੁਆਨੀ ਦੇ ਸਮੇਂ ਵਿਚ। ਜਲ ਥਲ–ਪਾਣੀ ਵਾਲੇ ਸਥਾਨ। ਨੀਰਿ–ਪਾਣੀ ਨਾਲ। ਬਰਸ ਰੁਤੇ–ਵਰਖਾ ਦੀ ਰੁੱਤ ਵਿਚ। ਰੰਗੁ ਮਾਣੀ –ਮੌਜ ਮਾਨਣ ਵਾਲੀ। ਬਰਸੈ–ਮੀਂਹ ਵਰ੍ਹਦਾ ਹੈ। ਨਿਸਿ ਕਾਲੀ–ਕਾਲੀ ਰਾਤ ਵਿਚ। ਬਾਲੀ–ਇਸਤੀ ਨੂੰ। ਦਾਦਰ–ਡੱਡੂ। ਲਵੰਤੇ–ਬੋਲਦੇ ਹਨ। ਪ੍ਰਿਉ ਪ੍ਰਿਉ–ਪੀਆ ਪੀਆ। ਚਵੈ–ਬੋਲਦਾ ਹੈ। ਭੁਇਅੰਗਮ–ਸੱਪ। ਡਸੰਤੇ–ਡੰਗ ਮਾਰਦੇ ਹਨ। ਸਾਇਰ–ਸਰੋਵਰ (ਤਲਾਬ)। ਭਰ ਸੁਭਰ–ਨਕੋ ਨੱਕ ਭਰੇ ਹੋਏ ਹਨ। ਚਲਉ–ਮੈਂ ਚੱਲਾਂਗੀ। ਜਹ–ਜਿੱਥੇ। ਤਹ–ਉਥੇ।੧੦।

ਅਸੁਨਿ ਆਉ ਪਿਰਾ, ਸਾ ਧਨ ਝੂਰਿ ਮੁਈ ॥ ਤਾ ਮਿਲੀਐ ਪ੍ਰਭ ਮੇਲੇ, ਦੂਜੈ ਭਾਇ ਖੁਈ ॥ ਝੂਠਿ ਵਿਗੁਤੀ ਤਾ ਪਿਰ ਮੁਤੀ, ਕੁਕਹ ਕਾਹ ਸਿ ਫੁਲੇ ॥ (ਪਤੀ ਪ੍ਰਮੇਸਰ ਤੋਂ ਵਿਛੜੀ ਜੀਵ ਇਸਤ੍ਰੀ ਅਰਦਾਸ ਕਰਦੀ ਹੈ ਕਿ) ਅੱਸੂ ਮਹੀਨੇ ਵਿਚ ਹੇ ਪਿਆਰੇ ਪਤੀ ਪ੍ਰਭੂ! ਤੂੰ ਮੇਰੇ ਹਿਰਦੇ ਘਰ ਵਿਚ ਆ, ਜੀਵ ਇਸਤ੍ਰੀ (ਵਿਛੋੜੇ ਵਿਚ) ਝੂਰ ਝੂਰ ਕੇ ਮਰ ਰਹੀ ਹੈ। (ਪਰ) ਹੇ ਪ੍ਰਭੂ! ਤੈਨੂੰ ਤਦ ਹੀ ਮਿਲ ਸਕੀਦਾ ਹੈ, (ਜੇ ਤੂੰ ਆਪ ਪ੍ਰਸੰਨ ਹੋ ਕੇ) ਮੇਲ ਲਵੇਂ, ਮੈਂ ਤਾਂ ਦੂਜੇ ਭਾਵ ਕਰਕੇ ਤੈਥੋਂ ਖੁੰਝ ਗਈ ਹਾਂ। ਮੈਂ ਕੂੜ ਵਿਚ ਖੁਆਰ ਹੋਈ ਹਾਂ, ਤਦੇ ਹੀ ਪਤੀ ਪ੍ਰਭੂ ਵਲੋਂ ਛੱਡੀ ਹੋਈ ਹਾਂ, (ਹੁਣ) ਉਹ ਕਾਹੀਂ ਤੇ ਸਰਕੜੇ ਫੁਲੇ ਹੋਏ ਹਨ (ਕੇਸ ਚਿੱਟੇ ਹੋ ਗਏ ਹਨ)।

ਅੰਗ ੧੧੦੯ = ਆਗੈ ਘਾਮ ਪਿਛੈ ਰੁਤਿ ਜਾਡਾ, ਦੇਖਿ ਚਲਤ ਮਨੁ ਡੋਲੇ ॥ ਦਹ ਦਿਸਿ ਸਾਖ ਹਰੀ ਹਰੀਆਵਲ, ਸਹਜਿ ਪਕੈ ਸੋ ਮੀਠਾ ॥ ਨਾਨਕ ਅਸੁਨਿ ਮਿਲਹੁ ਪਿਆਰੇ, ਸਤਿਗੁਰ ਭਏ ਬਸੀਠਾ ॥੧੧॥ ਪਹਿਲਾਂ ਗਰਮੀ ਦੀ ਰੁੱਤ (ਜਵਾਨ ਅਵਸਥਾ) ਸੀ,

(ਉਸ ਤੋਂ) ਪਿੱਛੋਂ ਸਰਤ ਰੁੱਤ (ਬਿਰਧ ਅਵਸਥਾ) ਆ ਰਹੀ ਹੈ, (ਇਹ) ਕੌਤਕ ਦੇਖ ਕੇ ਮੇਰਾ ਮਨ ਡੋਲਦਾ ਹੈ (ਕਿ ਹੁਣ ਮੈਂ ਪਤੀ ਪ੍ਰਭੂ ਨੂੰ ਕਿਵੇਂ ਮਿਲ ਸਕਾਂਗੀ)। ਦਸੇ ਦਿਸ਼ਾਵਾਂ ਵਿਚ (ਦਰੱਖਤਾਂ ਦੀਆਂ) ਹਰੀਆਂ ਟਾਹਣੀਆਂ ਦੀ ਹਰਿਆਵਲ ਦਿਸਦੀ ਹੈ ਅਤੇ (ਜੋ ਫਲ) ਸਹਿਜ ਨਾਲ ਪੱਕਦਾ ਹੈ, ਉਹ ਮਿੱਠਾ ਹੁੰਦਾ ਹੈ। ਨਾਨਕ ਗੁਰੂ ਜੀ ਜੀਵ ਇਸਤ੍ਰੀ ਵੱਲੋਂ ਬੇਨਤੀ ਕਰਦੇ ਹਨ ਕਿ ਅੱਸੂ ਮਹੀਨੇ ਵਿਚ (ਤੁਸੀਂ ਮੈਨੂੰ) ਆ ਕੇ ਮਿਲੋ, (ਕਿਉਂਕਿ ਮੇਰੇ ਅਤੇ ਤੁਹਾਡੇ ਵਿਚਕਾਰ) ਸਤਿਗੁਰੂ ਵਿਚੋਲੇ ਹੋਏ ਹਨ।੧੧।

ਪਦਾਰਥ = ਅਸੁਨਿ–ਅੱਸੂ ਮਹੀਨੇ ਵਿਚ। ਪਿਰਾ–ਹੇ ਪਤੀ ਪ੍ਰਭੂ !। ਸਾਧਨ–ਜੀਵ ਇਸਤ੍ਰੀ। ਝੂਰਿ–ਝੂਰ (ਦੁਖੀ ਹੋ) ਕੇ। ਮੁਈ–ਮਰ ਰਹੀ ਹਾਂ। ਤਾ–ਤਦੇ ਹੀ। ਦੂਜੈ ਭਾਇ–ਦੂਜੇ ਭਾਵ ਕਰਕੇ। ਖੁਈ–ਖੁੰਝ ਗਈ ਹਾਂ। ਵਿਗੁਤੀ–ਖੁਆਰ ਹੋਈ ਹਾਂ। ਮੁਤੀ–ਛੱਡੀ ਹੋਈ ਹਾਂ। ਕੁਕਹ–ਨਦੀਆਂ ਦੇ ਕਿਨਾਰੇ ਤੂਤ ਦੀਆਂ ਛਟੀਆਂ ਵਰਗਾ ਇਕ ਬੂਟਾ, ਜਿਸ ਦੀਆਂ ਟੋਕਰੀਆਂ ਬਣਦੀਆਂ ਹਨ। ਕਾਹ–ਕਾਹੀਂ ਦਾ ਘਾਹ। ਸਿ–ਉਹ। ਫੁਲੇ–ਫੁਲੇ (ਚਿੱਟੇ ਹੋ ਗਏ) ਹਨ। ਆਗੈ–ਪਹਿਲਾਂ। ਘਾਮ–ਗਰਮੀ (ਜਵਾਨੀ; ਸਰੀਰਕ ਤਾਕਤ)। ਪਿਛੈ–ਪਿਛੋਂ। ਰੁਤਿ ਜਾੜਾ–ਸਰਦ ਰੁੱਤ (ਬੁੱਢੇਪਾ; ਕਮਜੋਰੀ)। ਚਲਤ–ਕੌਤਕ। ਦਹ ਦਿਸਿ–ਦਸੇ ਦਿਸ਼ਾਵਾਂ ਵਿਚ; ਸਭ ਪਾਸੇ। ਸਾਖ–ਟਾਹਣੀਆਂ। ਸਹਜਿ–ਸੁਭਾਵਕ ਹੀ (ਅਪਣੇ ਆਪ ਨਿਰਯਤਨ)। ਸੋ–ਉਹ। ਭਏ ਬਸੀਠਾ–ਵਿਚੋਲੇ ਹੋਏ ਹਨ।੧੧।

ਸਹਜਿ ਪਕੈ = ਟਾਹਣੀ ਨਾਲ ਲੱਗਿਆ ਜੋ ਫਲ ਅਪਣੇ ਆਪ ਪੱਕਦਾ ਹੈ, ਉਹ ਮਿੱਠਾ ਹੁੰਦਾ ਹੈ। ਟਾਹਣੀ ਤੋਂ ਤੋੜ ਕੇ ਪਕਾਇਆ ਫਲ ਉਤਨਾ ਮਿੱਠਾ ਤੇ ਸਵਾਦਲਾ ਨਹੀਂ ਹੁੰਦਾ। ਕਾਹਲੀ ਨਾਲ ਕੀਤੇ ਕਰਮ ਫਲਦਾਇਕ ਨਹੀਂ ਹੁੰਦੇ। ਗੁਰਮਤਿ ਸਹਿਜ ਦਾ ਮਾਰਗ ਹੈ, ਹਠ ਤੇ ਜੋਰ ਨਾਲ ਕੀਤੇ ਕਰਮਾਂ ਦਾ ਫਲ ਪ੍ਰਾਪਤ ਨਹੀਂ ਹੁੰਦਾ, ਗੁਰੂ ਦੀ ਸੇਵਾ ਨਾਲ ਫਲ ਮਿਲਦਾ ਹੈ।

ਕਤਕਿ ਕਿਰਤੁ ਪਇਆ, ਜੋ ਪ੍ਰਭ ਭਾਇਆ ॥ ਦੀਪਕੁ ਸਹਜਿ ਬਲੈ, ਤਤਿ ਜਲਾਇਆ ॥ ਦੀਪਕ ਰਸ ਤੇਲੋ ਧਨ ਪਿਰ ਮੇਲੋ, ਧਨ ਓਮਾਹੈ ਸਰਸੀ ॥ ਅਵਗਣ ਮਾਰੀ ਮਰੈ ਨ ਸੀਝੈ, ਗੁਣਿ ਮਾਰੀ ਤਾ ਮਰਸੀ ॥ ਨਾਮੁ ਭਗਤਿ ਦੇ ਨਿਜ ਘਰਿ ਬੈਠੇ, ਅਜਹੁ ਤਿਨਾੜੀ ਆਸਾ ॥ ਨਾਨਕ ਮਿਲਹੁ ਕਪਟ ਦਰ ਖੋਲਹੁ ,ਏਕ ਘੜੀ ਖਟੁ ਮਾਸਾ ॥੧੨॥ (ਗੁਰੂ ਜੀ) ਕੱਤਕ ਮਹੀਨੇ ਦੁਆਰਾ ਉਪਦੇਸ਼ ਦੇਂਦੇ ਹਨ ਕਿ ਜੋ ਪ੍ਰਭੂ ਨੂੰ ਚੰਗਾ ਲੱਗਿਆ, (ਉਸ ਅਨੁਸਾਰ ਜੀਵ ਨੇ ਅਪਣੇ) ਕੀਤਾ ਕਰਮਾਂ ਦਾ ਫਲ ਪਾਇਆ ਹੈ। (ਜਿਹੜਾ ਮਨੁੱਖ ਪ੍ਰਭੂ ਨੂੰ ਚੰਗਾ ਲਗਦਾ ਹੈ, ਉਸ ਦੇ ਅੰਦਰ) ਸੁਤੇ ਹੀ ਗਿਆਨ ਦਾ ਦੀਵਾ ਬਲ ਪੈਂਦਾ ਹੈ, ਜੋ ਵਿਚਾਰ ਨਾਲ ਜਲਾਇਆ ਜਾਂਦਾ ਹੈ। (ਜੇ ਇਸ) ਦੀਵੇ ਵਿਚ ਤੇਲ ਪ੍ਰੇਮ ਦਾ ਹੋਵੇ {ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ੧੩੫੦}, ਤਾਂ ਜੀਵ ਇਸਤ੍ਰੀ ਦਾ ਪਤੀ ਪ੍ਰਭੂ ਨਾਲ ਮੇਲ ਹੁੰਦਾ ਹੈ, ਫਿਰ ਜੀਵ ਇਸਤ੍ਰੀ ਉਤਸ਼ਾਹ ਨਾਲ ਪ੍ਰਸੰਨ ਹੁੰਦੀ ਹੈ। ਔਗਣਾਂ ਦੀ ਮਾਰੀ ਹੋਈ (ਜੀਵ ਇਸਤ੍ਰੀ) ਨਾ ਜੀਵਤ ਭਾਵ ਤੋਂ ਮਰਦੀ ਹੈ ਅਤੇ ਨਾ ਮੁਕਤ ਹੁੰਦੀ ਹੈ, (ਜੇ ਇਸ ਨੇ) ਗੁਣਾਂ ਨਾਲ ਅਪਣੀ ਹਉਮੈ ਮਾਰ ਲਈ, ਤਾਂ (ਪਾਪਾਂ ਵੱਲੋਂ) ਮਰ ਜਾਏਗੀ (ਇਸ ਤਰ੍ਹਾਂ ਮੁਕਤ ਹੋਵੇਗੀ। ਪਤੀ ਪ੍ਰਭੂ ਤੋਂ ਵਿਛੜੀ ਜੀਵ ਇਸਤ੍ਰੀ ਆਖਦੀ ਹੈ ਕਿ ਜਿਨ੍ਹਾਂ ਪੁਰਖਾਂ ਨੂੰ ਪ੍ਰਭੂ) ਨਾਮ ਤੇ ਭਗਤੀ ਦੇਂਦਾ ਹੈ, ਉਹ ਅਪਣੇ ਅਸਲੀ ਘਰ (ਪ੍ਰਭੂ ਦੀ ਹਜੂਰੀ) ਵਿਚ ਬੈਠੇ ਹੁੰਦੇ ਹਨ, ਹੇ ਪ੍ਰਭੂ ! (ਮੈਨੂੰ ਵੀ) ਉਨ੍ਹਾਂ ਦੀ ਅਜੇ ਤੱਕ ਆਸ ਹੈ (ਕਿ ਪਤੀ ਪ੍ਰਭੂ ਨਾਲ ਮਿਲਾ ਦੇਣਗੇ)। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ ! ਮੇਰੇ ਅੰਦਰ ਦੇ) ਦਰਵਾਜੇ ਦੇ ਕਿਵਾੜ ਖੋਲ੍ਹ ਦਿਓ ਅਤੇ ਮਿਲੋ, (ਤੇਰੇ ਵਿਛੋੜੇ ਦੀ) ਇਕ ਘੜੀ ਛੇ ਮਹੀਨੇ ਦੇ ਬਰਾਬਰ ਲਗ ਰਹੀ ਹੈ।੧੨।

ਪਦਾਰਥ = ਕਤਕਿ–ਕੱਤਕ ਮਹੀਨੇ ਰਾਹੀਂ। ਕਿਰਤੁ–ਕੀਤੇ ਕਰਮਾਂ ਦਾ। ਭਾਇਆ–ਚੰਗਾ ਲੱਗਿਆ ਹੈ। ਦੀਪਕੁ–ਦੀਵਾ। ਸਹਜਿ–ਸੁਤੇ ਸਿੱਧ ਹੀ। ਬਲੈ–ਬਲ ਪੈਂਦਾ ਹੈ। ਤਤਿ–ਵਿਚਾਰ ਨਾਲ। ਜਗਾਇਆ–ਜਲਾਇਆ ਜਾਂਦਾ ਹੈ। ਰਸ ਤੇਲੋ–ਪ੍ਰੇਮ ਦਾ ਤੇਲ। ਧਨ–ਜੀਵ ਇਸਤ੍ਰੀ। ਓਮਾਹੈ–ਉਤਸ਼ਾਹ ਨਾਲ। ਸਰਸੀ–ਪ੍ਰਸੰਨ ਹੁੰਦੀ ਹੈ। ਮਾਰੀ–ਮਾਰੀ ਹੋਈ। ਮਰੈ ਨ–ਮਰਦੀ ਨਹੀਂ। ਨ ਸੀਝੈ–ਮੁਕਤ ਨਹੀਂ ਹੁੰਦੀ। ਗੁਣਿ ਮਾਰੀ–ਗੁਣਾਂ ਨਾਲ ਮਾਰ ਲਈ ਹੈ। ਦੇ–ਦੇਂਦਾ ਹੈ। ਨਿਜ ਘਰਿ–ਅਪਣੇ ਅਸਲੀ ਘਰ ਵਿਚ। ਅਜਹੁ–ਅਜੇ ਤਕ। ਤਿਨਾੜੀ–ਉਨ੍ਹਾਂ ਦੀ। ਕਪਟ ਦਰ–ਦਰਵਾਜੇ ਦੇ ਕਿਵਾੜ। ਖਟੁ ਮਾਸਾ–ਛੇ ਮਹੀਨੇ।੧੨।

ਮੰਘਰ ਮਾਹੁ ਭਲਾ, ਹਰਿ ਗੁਣ ਅੰਕਿ ਸਮਾਵਏ ॥ ਗੁਣਵੰਤੀ ਗੁਣ ਰਵੈ, ਮੈ ਪਿਰੁ ਨਿਹਚਲੁ ਭਾਵਏ ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ, ਚੰਚਲੁ ਜਗਤੁ ਸਬਾਇਆ ॥ ਗਿਆਨੁ ਧਿਆਨੁ ਗੁਣ ਅੰਕਿ ਸਮਾਣੇ, ਪ੍ਰਭ ਭਾਣੇ ਤਾ ਭਾਇਆ ॥ ਗੀਤ ਨਾਦ ਕਵਿਤ ਕਵੇ ਸੁਣਿ, ਰਾਮ ਨਾਮਿ ਦੁਖੁ ਭਾਗੈ ॥ ਨਾਨਕ ਸਾਧਨ ਨਾਹ ਪਿਆਰੀ, ਅਭ ਭਗਤੀ ਪਿਰ ਆਗੈ ॥੧੩॥ (ਪ੍ਰਭੂ ਦੇ ਪਿਆਰ ਵਾਲੀ

ਜੀਵ ਇਸਤ੍ਰੀ ਨੂੰ) ਮੱਘਰ ਦਾ ਮਹੀਨਾ ਚੰਗਾ ਲਗਦਾ ਹੈ, (ਕਿਉਂਕਿ ਉਸ ਦੇ) ਹਿਰਦੇ ਵਿਚ ਪ੍ਰਭੂ ਪਤੀ ਦੇ ਗੁਣ ਸਮਾਏ ਹਨ। ਗੁਣਵਾਨ ਜੀਵ ਇਸਤ੍ਰੀ (ਪ੍ਰਭੂ ਪਤੀ ਦੇ) ਗੁਣ ਉਚਾਰਦੀ ਹੈ (ਤੇ ਕਹਿੰਦੀ ਹੈ ਕਿ) ਸਦਾ ਕਾਇਮ ਰਹਿਣ ਵਾਲਾ ਪ੍ਰਭੂ ਪਤੀ ਮੈਨੂੰ ਚੰਗਾ ਲਗਦਾ ਹੈ। (ਉਹ ਸਮਝਦੀ ਹੈ ਕਿ) ਸਦਾ ਕਾਇਮ ਰਹਿਣ ਵਾਲਾ ਰਚਨਹਾਰ ਪ੍ਰਭੂ ,ਸਿਆਣਾ ਅਤੇ ਸਭ ਕੁਝ ਜਾਨਣ ਵਾਲਾ ਹੈ, ਬਾਕੀ ਸਾਰਾ ਜਗਤ ਚਲਾਇਮਾਨ ਹੈ। ਪ੍ਰਭੂ ਦਾ ਗਿਆਨ, ਪ੍ਰਭੂ ਦਾ ਧਿਆਨ ਤੇ ਪ੍ਰਭੂ ਦੇ ਗੁਣ (ਜਿਸ ਮਨੁੱਖ ਦੇ) ਹਿਰਦੇ ਵਿਚ ਸਮਾਏ ਹਨ ਅਤੇ ਪ੍ਰਭੂ ਦੇ ਭਾਣੇ ਨੂੰ ਮੰਨਦਾ ਹੈ, ਤਾਂ ਹੀ ਉਹ (ਪ੍ਰਭੂ ਨੂੰ) ਚੰਗਾ ਲਗਦਾ ਹੈ। ਪ੍ਰਭੂ ਦੀ ਸਿਫਤ ਸਲਾਹ ਵਾਲੇ ਗੀਤ, ਸ਼ਬਦ ਤੇ ਕਵੀਆਂ ਦੀਆਂ ਕਵਿਤਾਵਾਂ ਸੁਣ ਕੇ ਅਤੇ ਪ੍ਰਭੂ ਦੇ ਨਾਮ ਦੁਆਰਾ ਦੁਖ ਦੂਰ ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਇਸਤ੍ਰੀ ਪ੍ਰਭੂ ਨੂੰ ਪਿਆਰੀ ਲਗਦੀ ਹੈ, ਜੋ ਪ੍ਰਭੂ ਪਤੀ ਦੇ ਅੱਗੇ (ਸਨਮੁਖ ਹੋ ਕੇ) ਦਿਲੋਂ ਭਗਤੀ ਕਰਦੀ ਹੈ।੧੩।

ਗੀਤ ਨਾਦ ਕਵਿਤ = ਸੰਸਾਰੀ ਗੀਤ, ਵਾਜੇ ਅਤੇ ਕਵੀਆਂ ਦੀਆਂ ਕਵਿਤਾਵਾਂ ਸੁਣ ਕੇ ਦੁਖ ਦੂਰ ਨਹੀਂ ਹੁੰਦਾ, ਪ੍ਰਭੂ ਦੇ ਨਾਮ ਦੁਆਰਾ ਦੁਖ ਦੌੜ (ਦੂਰ ਹੋ) ਜਾਂਦਾ ਹੈ (ਸੰ.ਸ.; ਫ.ਸ.)।

ਪਦਾਰਥ = ਮਾਹੁ–ਮਹੀਨਾ। ਭਲਾ–ਚੰਗਾ। ਅੰਕਿ–ਹਿਰਦੇ ਵਿਚ। ਸਮਾਵਏ–ਸਮਾਏ ਹਨ; ਮਿਲੇ ਹੋਏ ਹਨ। ਗੁਣਵੰਤੀ–ਗੁਣਵਾਨ ਇਸਤ੍ਰੀ। ਰਵੈ–ਉਚਾਰਦੀ ਹੈ। ਮੈ–ਮੈਨੂੰ; ਮੇਰਾ। ਪਿਰੁ–ਪਤੀ। ਨਿਹਚਲੁ–ਸਦਾ ਕਾਇਮ ਰਹਿਣ ਵਾਲਾ। ਭਾਵਏ–ਚੰਗਾ ਲਗਦਾ ਹੈ। ਚਤੁਰੁ–ਸਿਆਣਾ। ਸੁਜਾਣੁ–ਸਭ ਕੁਛ ਜਾਨਣ ਵਾਲਾ। ਬਿਧਾਤਾ–ਰਚਨਹਾਰ; ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ। ਚੰਚਲੁ–ਨਾਸ਼ਵੰਤ। ਸਬਾਇਆ–ਸਾਰਾ। ਸਮਾਣੇ–ਸਮਾ ਗਏ। ਭਾਣੇ–ਭਾਣਾ ਮੰਨਦਾ ਹੈ। ਭਾਇਆ–ਚੰਗੇ ਲਗਦੇ ਹਨ। ਨਾਦ–ਸ਼ਬਦ; ਸੰਗੀਤ; ਵਾਜੇ। ਕਵਿਤ ਕਵੇ–ਕਵੀਆਂ ਦੀਆਂ ਕਵਿਤਾਵਾਂ। ਰਾਮ ਨਾਮਿ–ਪ੍ਰਭੂ ਦੇ ਨਾਮ ਦੁਆਰਾ। ਭਾਗੈ–ਭੱਜ (ਦੂਰ ਹੋ) ਜਾਂਦਾ ਹੈ। ਸਾਧਨ–ਜੀਵ ਇਸਤ੍ਰੀ। ਨਾਹ–ਪ੍ਰਭੂ ਨੂੰ। ਅਭ ਭਗਤੀ–ਦਿਲੋਂ ਕੀਤੀ ਭਗਤੀ। ਆਗੈ–ਅੱਗੇ; ਸਨਮੁਖ।੧੩।

ਪੋਖਿ ਤੁਖਾਰੁ ਪੜੈ, ਵਣੁ ਤ੍ਰਿਣੁ ਰਸੁ ਸੋਖੈ ॥ ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ ॥ ਮਨਿ ਤਨਿ ਰਵਿ ਰਹਿਆ ਜਗਜੀਵਨੁ ,ਗੁਰ ਸਬਦੀ ਰੰਗੁ ਮਾਣੀ ॥ ਅੰਡਜ ਜੇਰਜ ਸੇਤਜ ਉਤਭੁਜ, ਘਟਿ ਘਟਿ ਜੋਤਿ ਸਮਾਣੀ ॥ ਦਰਸਨੁ ਦੇਹੁ ਦਇਆ ਪਤਿ ਦਾਤੇ, ਗਤਿ ਪਾਵਉ ਮਤਿ ਦੇਹੋ ॥ ਨਾਨਕ ਰੰਗਿ ਰਵੈ ਰਸਿ ਰਸੀਆ, ਹਰਿ ਸਿਉ ਪ੍ਰੀਤਿ ਸਨੇਹੋ ॥੧੪॥ ਪੋਹ ਦੇ ਮਹੀਨੇ ਵਿਚ ਕੋਰਾ ਪੈਂਦਾ ਹੈ, ਜੋ ਵਣ ਤੇ ਘਾਹ ਦੇ ਰਸ ਨੂੰ ਸੁਕਾ ਦੇਂਦਾ ਹੈ {ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ੧੩੮੩}। (ਹੇ ਪਤੀ ਪ੍ਰਭੂ !) ਤੂੰ ਮੇਰੇ ਮਨ ਵਿਚ, ਸਰੀਰ ਵਿਚ ਤੇ ਮੂੰਹ ਵਿਚ ਵਸਦਾ ਹੈਂ (ਤੂੰ ਸਦਾ ਮੇਰੀ ਯਾਦ ਵਿਚ ਹੈਂ, ਫਿਰ) ਤੂੰ ਮੇਰੇ ਪਾਸ (ਪ੍ਰਤੱਖ) ਕਿਉਂ ਨਹੀਂ ਆਉਂਦਾ? ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ (ਜਿਸ ਮਨੁੱਖ ਦੇ) ਮਨ ਵਿਚ ਤੇ ਸਰੀਰ ਵਿਚ ਵਿਆਪਕ ਹੋ ਰਿਹਾ ਹੈ, (ਉਹ) ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦਾ ਪ੍ਰੇਮ ਰਸ ਮਾਣਦਾ ਹੈ। (ਉਸ ਨੂੰ) ਅੰਡਜ, ਜੇਰਜ, ਸੇਤਜ ਅਤੇ ਉਤਭੁਜ (ਚਾਰੇ ਖਾਣੀਆਂ) ਦੇ ਹਰੇਕ ਜੀਵ ਵਿਚ ਪ੍ਰਭੂ ਦੀ ਜੋਤ ਸਮਾਈ ਦਿਸਦੀ ਹੈ। ਹੇ ਦਇਆ ਪਤੀ ! ਹੇ ਦਾਤਾਰ ਪ੍ਰਭੂ ! ਮੈਨੂੰ ਦਰਸ਼ਨ ਦਿਓ ਅਤੇ ਅਜੇਹੀ ਮੱਤ ਦੇਵੋ, (ਜਿਸ ਨਾਲ) ਮੈਂ ਉਚੀ ਆਤਮਕ ਅਵਸਥਾ ਪ੍ਰਾਪਤ ਕਰ ਲਵਾਂ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ) ਪ੍ਰਭੂ ਨਾਲ ਪ੍ਰੀਤ ਪ੍ਰੇਮ ਹੋਇਆ ਹੈ, ਉਹ ਹਰੀ ਰਸ ਵਿਚ ਰਹਿਣ ਵਾਲਾ ਰਸੀਆ ਹੈ ਅਤੇ ਪ੍ਰਭੂ ਨੂੰ ਪ੍ਰੇਮ ਨਾਲ ਮਾਣਦਾ ਹੈ।੧੪।

ਪਦਾਰਥ = ਪੋਖਿ–ਪੋਹ ਦੇ ਮਹੀਨੇ ਵਿਚ। ਤੁਖਾਰੁ–ਕੋਰਾ, ਕੱਕਰ; ਬਰਫ। ਵਣੁ–ਵਣ ਨੂੰ। ਤ੍ਰਿਣੁ–ਘਾਹ ਨੂੰ। ਰਸੁ–ਰਸ ਨੂੰ। ਸੋਖੈ–ਸੁਕਾ ਦੇਂਦਾ ਹੈ। ਕੀ–ਕਿਉਂ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਮੁਖੇ–ਮੂੰਹ ਵਿਚ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਜਗ ਜੀਵਨ–ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ। ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ। ਰੰਗੁ–ਪ੍ਰੇਮ। ਮਾਣੀ–ਮਾਣਦਾ ਹੈ। ਅੰਡਜ–ਆਡਿਆਂ ਤੋਂ ਪੈਦਾ ਹੋਣ ਵਾਲੇ ਜੀਵ। ਜੇਰਜ–ਮਾਂ ਦੇ ਪੇਟ ਦੀ ਝਿੱਲੀ ਵਿਚ ਲਪੇਟੇ ਜੰਮਣ ਵਾਲੇ ਜੀਵ। ਸੇਤਜ–ਮੁੜ੍ਹਕੇ ਤੋਂ ਪੈਦਾ ਹੋਣ ਵਾਲੇ ਜੀਵ। ਉਤਭੁਜ–ਧਰਤੀ ਵਿਚੋਂ ਉਗਣ ਵਾਲੀ ਬਨਸਪਤੀ। ਘਟਿ ਘਟਿ–ਹਰੇਕ ਜੀਵ ਵਿਚ। ਜੋਤਿ–ਚੇਤਨ ਸੱਤਾ। ਸਮਾਣੀ–ਸਮਾਈ ਹੈ। ਪਤਿ–ਪਤੀ। ਗਤਿ–ਉਚੀ ਆਤਮਕ ਅਵਸਥਾ; ਮੁਕਤੀ। ਪਾਵਉ–ਪ੍ਰਾਪਤ ਕਰਾਂ। ਮਤਿ–ਅਕਲ। ਰੰਗਿ–ਪ੍ਰੇਮ ਨਾਲ। ਰਵੈ–ਮਾਣਦਾ ਹੈ। ਰਸਿ–ਅਨੰਦ ਵਿਚ। ਰਸੀਆ–ਰਸ ਲੈਣ ਵਾਲਾ ਮਨੁੱਖ। ਸਿਉ–ਨਾਲ। ਸਨੇਹੁ–ਪ੍ਰੇਮ।੧੪।

ਮਾਘਿ ਪੁਨੀਤ ਭਈ, ਤੀਰਥੁ ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ, ਗੁਣ ਗਹਿ ਅੰਕਿ ਸਮਾਨਿਆ ॥ ਪ੍ਰੀਤਮ ਗੁਣ ਅੰਕੇ ਸੁਣਿ

ਪ੍ਰਭ ਬੰਕੇ, ਤੁਧੁ ਭਾਵਾ ਸਰਿ ਨਾਵਾ ॥ ਗੰਗ ਜਮੁਨ ਤਹ ਬੇਣੀ ਸੰਗਮ, ਸਾਤ ਸਮੁੰਦ ਸਮਾਵਾ ॥ ਪੁੰਨ ਦਾਨ ਪੂਜਾ ਪਰਮੇਸੁਰ, ਜੁਗਿ ਜੁਗਿ ਏਕੋ ਜਾਤਾ ॥ ਨਾਨਕ ਮਾਘਿ ਮਹਾ ਰਸੁ ਹਰਿ ਜਪਿ, ਅਠਸਠਿ ਤੀਰਥ ਨਾਤਾ ॥੧੫॥ ਮਾਘ ਦੇ ਮਹੀਨੇ ਵਿਚ (ਲੋਕ ਗੰਗਾ ਤੇ ਪਰਾਗ ਰਾਜ ਆਦਿ ਤੀਰਥਾਂ ਤੇ ਇਸ਼ਨਾਨ ਦਾ ਬੜਾ ਮਹਾਤਮ ਸਮਝਦੇ ਹਨ, ਪਰ ਪ੍ਰਭੂ ਦੇ ਪਿਆਰ ਵਾਲੀ ਜੀਵ ਇਸਤ੍ਰੀ ਨੇ ਸੱਚਾ) ਤੀਰਥ ਅਪਣੇ ਹਿਰਦੇ ਅੰਦਰ ਜਾਣਿਆ ਹੈ, (ਇਸ ਤੀਰਥ ਵਿਚ ਇਸ਼ਨਾਨ ਕਰਕੇ ਉਹ) ਪਵਿਤ੍ਰ ਹੋ ਗਈ ਹੈ। (ਉਸ ਨੂੰ) ਪਤੀ ਪ੍ਰਭੂ ਸੱਜਣ ਸੁਭਾਵਕ ਹੀ ਮਿਲ ਪਏ ਹਨ, (ਕਿਉਂਕਿ ਉਹ ਪ੍ਰਭੂ ਦੇ) ਗੁਣ ਗ੍ਰਹਿਣ ਕਰਕੇ ਪ੍ਰਭੂ ਪਤੀ ਦੇ ਸਰੂਪ ਵਿਚ ਲੀਨ ਹੋ ਗਈ ਹੈ। (ਉਹ ਜੀਵ ਇਸਤ੍ਰੀ ਆਖਦੀ ਹੈ ਕਿ) ਹੇ ਮੇਰੇ ਸੁੰਦਰ ਪ੍ਰੀਤਮ ਪ੍ਰਭੂ! (ਤੂੰ ਮੇਰੀ ਬੇਨਤੀ) ਸੁਣ, ਮੈਂ ਤੇਰੇ ਗੁਣ ਅਪਣੇ ਹਿਰਦੇ ਵਿਚ ਧਾਰਨ ਕਰ ਲਏ ਹਨ, (ਮੇਰੇ ਤੇ ਕ੍ਰਿਪਾ ਕਰ, ਮੈਂ ਸਤਸੰਗਤ ਰੂਪ) ਸਰੋਵਰ ਵਿਚ ਇਸ਼ਨਾਨ ਕਰਾਂ, (ਤਾਂ ਕਿ) ਮੈਂ ਤੈਨੂੰ ਚੰਗੀ ਲੱਗਾਂ। (ਇਹੋ ਮੇਰੇ ਲਈ) ਗੰਗਾ ਜਮਨਾ ਤੇ ਸੁਰੱਸਤੀ ਨਦੀਆਂ ਦਾ ਤ੍ਰਿਬੇਣੀ ਸੰਗਮ ਹੈ, ਮੈਂ ਉਥੇ ਸੱਤ ਸਮੁੰਦਰ ਸਮਾਏ ਮੰਨਦੀ ਹਾਂ। (ਜਿਸ ਮਨੁੱਖ ਨੇ) ਸਾਰੇ ਜੁਗਾਂ ਵਿਚ ਇਕ ਪ੍ਰਭੂ ਨੂੰ ਵਿਆਪਕ ਜਾਣਿਆ ਹੈ, (ਉਸ ਨੇ ਮਾਨੋਂ ਸਾਰੇ) ਪੁੰਨ, ਦਾਨ ਤੇ ਪੂਜਾ ਆਦਿਕ ਸਾਰੇ ਧਾਰਮਕ ਕਰਮ ਕਰ ਲਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਮਾਘ ਮਹੀਨੇ ਵਿਚ ਪ੍ਰਭੂ ਦਾ ਨਾਮ ਜਪ ਕੇ ਮਹਾਨ ਰਸ ਪੀਤਾ ਹੈ, (ਉਸ ਨੇ ਮਾਨੋਂ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ੧੫।

ਪਦਾਰਥ = ਮਾਘਿ–ਮਾਘ ਦੇ ਮਹੀਨੇ ਵਿਚ। ਪੁਨੀਤ–ਪਵਿਤ੍ਰ। ਅੰਤਰਿ–ਹਿਰਦੇ ਅੰਦਰ। ਸਹਜਿ–ਸੁਭਾਵਕ ਹੀ। ਗਹਿ–ਗ੍ਰਹਿਣ ਕਰਕੇ। ਅੰਕਿ–(ਪ੍ਰਭੂ ਦੇ) ਸਰੂਪ ਵਿਚ। ਸਮਾਨਿਆ–ਲੀਨ ਹੋਈ ਹੈ। ਪ੍ਰੀਤਮ–ਹੇ ਪ੍ਰੀਤਮ!। ਅੰਕੇ–ਹਿਰਦੇ ਵਿਚ। ਪ੍ਰਭ ਬੰਕੇ–ਹੇ ਸੁੰਦਰ ਪ੍ਰਭੂ!। ਤੁਧੁ–ਤੈਨੂੰ। ਭਾਵਾ–ਚੰਗੀ ਲੱਗਾਂ। ਸਰਿ–ਸਰੋਵਰ ਵਿਚ। ਨਾਵਾ–ਇਸ਼ਨਾਨ ਕਰਾਂ। ਤਹ–ਉਥੇ। ਬੇਣੀ ਸੰਗਮ–ਤ੍ਰਿਬੇਣੀ (ਗੰਗਾ ਜਪਨਾ ਤੇ ਸੁਰੱਸਤੀ ਨਦੀਆਂ) ਦਾ ਮਿਲਾਪ। ਸਾਤ ਸਮੁੰਦ–ਸੱਤ ਸਮੁੰਦਰ। ਸਮਾਵਾ–ਸਮਾਏ ਹੋਏ ਹਨ। ਜੁਗਿ ਜੁਗਿ–ਹਰੇਕ ਜੁਗ ਵਿਚ। ਏਕੋ–ਇਕ ਪ੍ਰਭੂ। ਜਾਤਾ–ਜਾਣਿਆ ਹੈ। ਜਪਿ–ਜਪ ਕੇ। ਅਠਸਠਿ–ਅਠਾਹਠ। ਨਾਤਾ–ਇਸ਼ਨਾਨ ਕਰ ਲਿਆ। ੧੫।

ਗੰਗ ਜਮੁਨ = ਗੰਗਾ (ਭਗਤੀ), ਜਮੁਨਾ (ਕਰਮ) ਤੇ ਸੁਰੱਸਤੀ (ਬ੍ਰਹਮ ਵਿਦਿਆ) ਰੂਪ ਤ੍ਰਿਬੇਣੀ ਦਾ ਸਬੰਧ ਸਦਾ ਹੀ ਸੰਤ ਸਮਾਗਮ ਰੂਪ ਪ੍ਰਯਾਗ ਰਾਜ ਵਿਚ ਚਲਦਾ ਰਹਿੰਦਾ ਹੈ। ਸੰਤ ਸਮਾਗਮ ਵਿਚ ਕਦੇ ਭਗਤੀ ਦਾ ਪ੍ਰਸੰਗ, ਕਦੇ ਧਰਮ ਕਰਮ ਦਾ ਅਤੇ ਕਦੇ ਬ੍ਰਹਮ ਵਿਦਿਆ ਦਾ ਪ੍ਰਸੰਗ ਚਲਦਾ ਹੈ। ਇਸ ਪ੍ਰਯਾਗ ਰਾਜ ਤੀਰਥ ਵਿਚ ਹੀ ਮੈਂ ਸੱਤ ਸਮੁੰਦਰ ਸਮਾਏ ਮੰਨਦਾ ਹਾਂ (ਸੰ.ਸ; ਫ.ਸ.)।

ਫਲਗੁਨਿ ਮਨਿ ਰਹਸੀ, ਪ੍ਰੇਮੁ ਸੁਭਾਇਆ ॥ ਅਨਦਿਨੁ ਰਹਸੁ ਭਇਆ, ਆਪੁ ਗਵਾਇਆ ॥ ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ, ਕਰਿ ਕਿਰਪਾ ਘਰਿ ਆਓ ॥ ਬਹੁਤੇ ਵੇਸ ਕਰੀ ਪਿਰ ਬਾਝਹੁ ,ਮਹਲੀ ਲਹਾ ਨ ਥਾਓ ॥ ਹਾਰ ਡੋਰ ਰਸ ਪਾਟ ਪਟੰਬਰ, ਪਿਰਿ ਲੋੜੀ ਸੀਗਾਰੀ ॥ ਨਾਨਕ ਮੇਲਿ ਲਈ ਗੁਰਿ ਅਪਣੈ, ਘਰਿ ਵਰੁ ਪਾਇਆ ਨਾਰੀ ॥੧੬॥ ਫੱਗਣ ਮਹੀਨੇ ਵਿਚ (ਜੀਵ ਇਸਤ੍ਰੀ ਦਾ ਜਦ ਪ੍ਰਭੂ ਪਤੀ ਨਾਲ ਮੇਲ ਹੋ ਗਿਆ, ਤਾਂ ਉਹ) ਮਨ ਵਿਚ ਖਿੜੀ ਰਹਿੰਦੀ ਹੈ (ਕਿਉਂਕਿ ਉਸ ਨੂੰ ਪ੍ਰਭੂ ਪਤੀ ਦਾ) ਪ੍ਰੇਮ ਚੰਗਾ ਲਗਦਾ ਹੈ। (ਉਸ ਨੇ) ਆਪਾ ਭਾਵ ਗਵਾ ਦਿਤਾ ਹੈ, (ਇਸ ਲਈ ਉਸ ਦੇ ਅੰਦਰ) ਅਨੰਦ ਪ੍ਰਾਪਤ ਹੋਇਆ ਰਹਿੰਦਾ ਹੈ। ਜਦ ਉਸ (ਪਤੀ ਪ੍ਰਭੂ ਨੂੰ) ਚੰਗਾ ਲੱਗਾ ਤਾਂ (ਉਸ ਨੇ ਜੀਵ ਇਸਤ੍ਰੀ ਦੇ) ਮਨ ਦਾ ਮੋਹ ਦੂਰ ਕਰ ਦਿਤਾ ਅਤੇ (ਜੀਵ ਇਸਤ੍ਰੀ ਪ੍ਰਭੂ ਅੱਗੇ ਬੇਨਤੀ ਕਰਦੀ ਰਹਿੰਦੀ ਸੀ ਕਿ ਹੇ ਪ੍ਰਭੂ ਪਤੀ!) ਕ੍ਰਿਪਾ ਕਰਕੇ ਮੇਰੇ ਹਿਰਦੇ ਘਰ ਵਿਚ ਆਓ। (ਜੇ) ਮੈਂ ਪ੍ਰਭੂ ਪਤੀ ਤੋਂ ਬਿਨਾ ਬਹੁਤੇ ਵੇਸ (ਧਾਰਮਕ ਪਹਿਰਾਵੇ) ਕਰਦੀ, (ਤਾਂ ਮੈਂ ਉਸ ਦੇ) ਮਹਿਲ ਵਿਚ ਟਿਕਾਣਾ ਨਹੀਂ ਲੱਭ ਸਕਦੀ ਸੀ। ਜੇ ਪ੍ਰਭੂ ਪਤੀ ਨੇ ਮੈਨੂੰ ਚਾਹਿਆ ਹੈ, ਤਾਂ ਮੈਂ ਹਾਰ ਡੋਰ, ਖਾਣ ਪੀਣ ਦੇ ਸੁਆਦ, ਸਧਾਰਨ ਕੱਪੜੇ ਅਤੇ ਰੇਸ਼ਮੀ ਕਪੜਿਆਂ ਨਾਲ ਸ਼ਿੰਗਾਰੀ ਗਈ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਅਪਣੇ ਗੁਰੂ ਨੇ (ਇਹ) ਜੀਵ ਇਸਤ੍ਰੀ ਅਪਣੇ ਨਾਲ ਮੇਲ ਲਈ ਹੈ, ਇਸ ਜੀਵ ਇਸਤ੍ਰੀ ਨੇ ਹਿਰਦੇ ਘਰ ਵਿਚ ਹੀ ਪ੍ਰਭੂ ਪਤੀ ਨੂੰ ਪ੍ਰਾਪਤ ਕਰ ਲਿਆ ਹੈ। ੧੬।

ਪਦਾਰਥ = ਫਲਗੁਨਿ–ਫੱਗਣ ਮਹੀਨੇ ਵਿਚ। ਮਨਿ–ਮਨ ਵਿਚ। ਰਹਸੀ–ਖਿੜੀ ਰਹਿੰਦੀ ਹੈ। ਸੁਭਾਇਆ–ਚੰਗਾ ਲਗਦਾ ਹੈ। ਅਨਦਿਨੁ –ਹਰ ਰੋਜ। ਰਹਸੁ–ਅਨੰਦ; ਖੇੜਾ। ਭਇਆ–ਹੋਇਆ ਹੈ। ਆਪੁ–ਆਪਾ ਭਾਵ। ਮਨ ਮੋਹੁ–ਮਨ ਦਾ ਮੋਹ। ਚੁਕਾਇਆ–ਦੂਰ ਕਰ ਦਿਤਾ। ਜਾ–ਜਦ। ਤਿਸੁ–ਉਸ (ਪ੍ਰਭੂ) ਨੂੰ। ਘਰਿ–ਹਿਰਦੇ ਵਿਚ। ਵੇਸ–(ਧਾਰਮਕ) ਪਹਿਰਾਵਾ। ਕਰੀ–ਕਰਦੀ ਸੀ। ਪਿਰ ਬਾਝਹੁ–

ਪਤੀ ਤੋਂ ਬਿਨਾ।ਮਹਲੀ–ਪ੍ਰਭੂ ਦੇ ਮਹਿਲ ਵਿਚ।ਲਹਾ ਨ–ਨਹੀਂ ਲਭ ਸਕਦੀ ਸੀ।ਹਾਰ ਡੋਰ–ਹਾਰ ਵਿਚ ਪ੍ਰੋਈ ਰੇਸ਼ਮ ਦੀ ਡੋਰ (ਧਾਗਾ)।ਰਸ–ਖਾਣ ਪੀਣ ਦੇ ਚਸਕੇ (ਸਵਾਦ)।ਪਾਟ ਪਟੰਬਰ–ਸਧਾਰਨ ਕੱਪੜੇ ਅਤੇ ਰੇਸ਼ਮੀ ਕੱਪੜੇ।ਪਿਰਿ–ਪਤੀ ਨੇ।ਲੋੜੀ–ਚਾਹਿਆ; ਪਸੰਦ ਕਰ ਲਿਆ।ਸੀਗਾਰੀ–ਸ਼ਿੰਗਾਰ ਗਈ ਹਾਂ।ਗੁਰਿ–ਗੁਰੂ ਨੇ।ਵਰੁ–ਪਤੀ ਪ੍ਰਭੂ।ਨਾਰੀ–ਇਸਤ੍ਰੀ ਨੇ।੧੬

ਬੇ ਦਸ ਮਾਹ ਰੁਤੀ, ਥਿਤੀ ਵਾਰ ਭਲੇ ॥ ਘੜੀ ਮੂਰਤ ਪਲ ਸਾਚੇ, ਆਏ ਸਹਜਿ ਮਿਲੇ ॥ ਪ੍ਰਭ ਮਿਲੇ ਪਿਆਰੇ ਕਾਰਜ ਸਾਰੇ, ਕਰਤਾ ਸਭ ਬਿਧਿ ਜਾਣੈ ॥ ਜਿਨਿ ਸੀਗਾਰੀ ਤਿਸਹਿ ਪਿਆਰੀ, ਮੇਲੁ ਭਇਆ ਰੰਗੁ ਮਾਣੈ ॥ ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ, ਗੁਰਮੁਖਿ ਮਸਤਕਿ ਭਾਗੋ ॥ ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ,ਹਰਿ ਵਰੁ ਥਿਰੁ ਸੋਹਾਗੋ ॥੧੭॥੧॥ (ਉਸ ਜੀਵ ਇਸਤ੍ਰੀ ਲਈ) ਬਾਰਾਂ ਮਹੀਨੇ, ਛੇ ਰੁੱਤਾਂ, ਪੰਦਰਾਂ ਥਿੱਤਾਂ, ਸਾਰੇ ਦਿਨ ਚੰਗੇ ਹਨ।(ਉਸ ਲਈ), ਘੜੀਆਂ, ਮਹੂਰਤ ਤੇ ਪਲ ਸੱਚੇ (ਸਫਲ) ਹਨ, (ਜਿਸ ਨੂੰ) ਪ੍ਰਭੂ ਪਤੀ ਜੀ ਸਹਜੇ ਹੀ ਆ ਮਿਲੇ ਹਨ।(ਜਦੋਂ) ਪਿਆਰੇ ਪ੍ਰਭੂ ਜੀ ਮਿਲ ਪਏ ਹਨ, (ਤਾਂ ਪ੍ਰਭੂ ਨੇ ਉਸ ਜੀਵ ਇਸਤ੍ਰੀ ਦੇ ਸਾਰੇ) ਕਾਰਜ ਸਵਾਰ ਦਿਤੇ ਹਨ, ਕਰਤਾਰ (ਜੀਵ ਦੇ ਕੰਮ ਸਫਲ ਕਰਨ ਦੀਆਂ) ਸਭ ਵਿਧੀਆਂ ਜਾਣਦਾ ਹੈ।ਜਿਸ ਪ੍ਰਭੂ ਨੇ (ਜੀਵ ਇਸਤ੍ਰੀ ਨੂੰ ਸ਼ੁੱਭ ਗੁਣਾਂ ਨਾਲ) ਸ਼ਿੰਗਾਰਿਆ ਹੈ, ਉਹ ਉਸ (ਪ੍ਰਭੂ) ਨੂੰ ਪਿਆਰੀ ਲੱਗ ਪਈ ਹੈ, (ਜਦੋਂ ਜੀਵ ਇਸਤ੍ਰੀ ਦਾ ਪ੍ਰਭੂ ਪਤੀ ਨਾਲ) ਮੇਲ ਹੋਇਆ, (ਤਾਂ ਉਹ ਪਤੀ ਪ੍ਰਭੂ ਦੇ ਮਿਲਾਪ ਦਾ) ਅਨੰਦ ਮਾਣਦੀ ਹੈ।ਜਦੋਂ ਪਤੀ ਪ੍ਰਭੂ ਨੇ (ਜੀਵ ਇਸਤ੍ਰੀ ਨੂੰ) ਮਾਣਿਆ, ਤਾਂ (ਉਸ ਦੀ) ਹਿਰਦਾ ਸੇਜ ਸੋਭਨੀਕ ਹੋ ਗਈ, ਗੁਰੂ ਦੁਆਰਾ (ਉਸ ਦੇ) ਮੱਥੇ ਦੇ ਭਾਗ ਜਾਗ ਪਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੀ ਜੀਵ ਇਸਤ੍ਰੀ ਨੂੰ) ਪ੍ਰਭੂ ਪ੍ਰੀਤਮ ਦਿਨ ਰਾਤ ਮਾਣਦਾ ਹੈ, (ਉਸ ਦਾ) ਪਤੀ ਪ੍ਰਭੂ ਸਦਾ ਥਿਰ ਰਹਿਣ ਵਾਲਾ ਸੁਹਾਗ ਹੈ।੧੭।੧। ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ।(ਅੰਗ ੭੮)

ਪਦਾਰਥ = ਬੇ ਦਸ–ਦੋ + ਦਸ–ਬਾਰਾਂ।ਮਾਹ–ਮਹੀਨੇ।ਰੁਤੀ–ਰੁੱਤਾਂ।ਥਿਤੀ–ਮਿਤੀ (ਤਰੀਕ)।ਵਾਰ–ਦਿਨ।ਭਲੇ–ਚੰਗੇ।ਘੜੀ–੨੪ ਮਿੰਟਾਂ ਦਾ ਸਮਾਂ।ਮੂਰਤ–੪੮ ਮਿੰਟਾਂ ਦਾ ਸਮਾਂ।ਪਲ–ਇਕ ਘੜੀ ਦਾ ਸੱਠਵਾਂ ਹਿੱਸਾ।ਸਾਚੇ–ਸਫਲ ਹਨ।ਸਹਜਿ–ਸੁਤੇ ਸਿੱਧ ਹੀ।ਸਾਰੇ–ਸਵਾਰ ਦਿਤੇ।ਕਰਤਾ–ਕਰਤਾਰ।ਬਿਧਿ–ਢੰਗ; ਤਰੀਕਾ।ਜਿਨਿ–ਜਿਸ (ਪ੍ਰਭੂ) ਨੇ।ਸੀਗਾਰੀ–ਸ਼ਿੰਗਾਰਿਆ ਹੈ।ਤਿਸਹਿ–ਉਸ ਪ੍ਰਭੂ ਨੂੰ।ਭਇਆ–ਹੋਇਆ।ਰੰਗੁ–ਅਨੰਦ।ਘਰਿ–ਹਿਰਦਾ।ਸੁਹਾਵੀ–ਸੋਹਣਾ।ਜਾ–ਜਦੋਂ।ਪਿਰਿ–ਪਤੀ ਨੇ।ਰਾਵੀ–ਮਾਣਿਆ।ਗੁਰਮੁਖਿ–ਗੁਰੂ ਦੁਅਰਾ।ਮਸਤਕਿ–ਮੱਥੇ ਦੇ।ਭਾਗੋ–ਭਾਗ।ਅਹਿਨਿਸਿ–ਦਿਨ ਰਾਤ।ਰਾਵੈ–ਮਾਣਦਾ ਹੈ।ਵਰੁ–ਪਤੀ।ਥਿਰੁ–ਸਦਾ ਕਾਇਮ ਰਹਿਣ ਵਾਲਾ।ਸੁਹਾਗੋ–ਸੁਹਾਗ ਭਾਗ।੧੭।੧।

ਸਾਰੰਸ਼ = ਬਾਰਾਂ ਮਹੀਨਿਆਂ ਵਿਚ ਨਾਮ ਸਿਮਰਨ ਅਤੇ ਗੁਰੂ ਦੀ ਮੱਤ ਧਾਰਨ ਕਰਨ ਦੀ ਘਾਲ ਦਾ ਸਦਕਾ, ਜਦੋਂ ਪਿਆਰੇ ਪ੍ਰਭੂ ਦਾ ਮੇਲ ਹੋਇਆ, ਤਾਂ ਜੀਵ ਇਸਤ੍ਰੀ ਦੇ ਮਨੋਂ ਮਹੀਨਿਆਂ, ਰੁੱਤਾਂ, ਵਾਰਾਂ, ਥਿੱਤਾਂ ਤੇ ਮਾੜੇ ਚੰਗੇ ਸਮੇਂ ਦਾ ਭਰਮ ਦੂਰ ਹੋ ਗਿਆ।ਉਸ ਨੂੰ ਗਿਆਨ ਹੋ ਗਿਆ ਕਿ ਪ੍ਰਭੂ ਦੇ ਬਣਾਏ ਸਾਰੇ ਦਿਨ, ਮਹੀਨੇ, ਥਿਤ ਅਤੇ ਸਮੇਂ ਚੰਗੇ ਹਨ।ਉਸ ਦੇ ਵਿਚਾਰਾਂ ਵਿਚ ਪ੍ਰੀਵਰਤਨ ਆ ਗਿਆ।ਇਉਂ ਪ੍ਰਭੂ ਦੀ ਮੇਹਰ ਨਾਲ ਉਸ ਦੇ ਸਾਰੇ ਵਿਗੜੇ ਕੰਮ ਸੰਵਰ ਗਏ ਹਨ।

ਅੰਗ ੧੧੧੦ = ਤੁਖਾਰੀ ਮਹਲਾ ੧ ॥ ਪਹਿਲੈ ਪਹਰੈ ਨੈਣ ਸਲੋਨੜੀਏ, ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ, ਆਵੈ ਵਾਰੀ ਰਾਮ ॥ ਵਾਰੀ ਆਵੈ ਕਵਣੁ ਜਗਾਵੈ, ਸੂਤੀ ਜਮ ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ, ਚੋਰੁ ਪੜੈ ਘਰੁ ਮੂਸਏ ॥ ਰਾਖਣਹਾਰਾ ਅਗਮ ਅਪਾਰਾ, ਸੁਣਿ ਬੇਨੰਤੀ ਮੇਰੀਆ ॥ ਨਾਨਕ ਮੂਰਖੁ ਕਬਹਿ ਨ ਚੇਤੈ, ਕਿਆ ਸੂਝੈ ਰੈਣਿ ਅੰਧੇਰੀਆ ॥੧॥ ਹੇ ਸੁੰਦਰ ਅੱਖਾਂ ਵਾਲੀ ਜੀਵ ਇਸਤ੍ਰੀਏ! ਜੀਵਨ ਰਾਤ ਦੇ ਪਹਿਲੇ ਹਿੱਸੇ ਰੂਪ ਪਹਿਰੇ (ਬਚਪਨ) ਵਿਚ ਤੇਰੇ ਲਈ ਅਗਿਆਨਤਾ ਦੀ ਅੰਧੇਰੀ ਰਾਤ ਬਣੀ ਰਹੀ ਹੈ।ਹੇ ਮੋਈ ਹੋਈਏ! ਨਾਮ ਰੂਪ ਸੌਦਾ ਸਾਂਭ ਕੇ ਰੱਖ, ਤੇਰੀ ਮੌਤ ਦੀ ਵਾਰੀ ਆ ਰਹੀ ਹੈ।(ਜਦੋਂ ਮੌਤ ਦੀ) ਵਾਰੀ ਆ ਜਾਂਦੀ ਹੈ, (ਉਦੋਂ ਅਗਿਆਨਤਾ ਦੀ ਨੀਂਦ ਵਿਚੋਂ ਤੈਨੂੰ) ਕੌਣ ਜਗਾਵੇਗਾ? (ਇਸ ਅਗਿਆਨਤਾ ਦੀ ਨੀਂਦ ਵਿਚ) ਸੁੱਤੀ ਹੋਈ ਦਾ ਜਮ ਪ੍ਰਾਣ ਰੂਪ ਰਸ ਚੂਸ ਲਵੇਗਾ (ਪ੍ਰਾਣ ਕੱਢ ਲਏਗਾ)।ਅਗਿਆਨਤਾ ਦੀ ਇਸ ਅੰਧੇਰੀ ਰਾਤ ਵਿਚ ਕਿਵੇਂ ਤੇਰੀ ਇੱਜਤ ਰਹਿ ਜਾਵੇਗੀ? (ਜਦੋਂ ਕਾਮਾਦਿਕ ਹਰੇਕ) ਚੋਰ ਪੈਂਦਾ ਹੈ, (ਤਾਂ ਉਹ ਤੇਰਾ ਸ਼ੁੱਭ ਗੁਣ ਰੂਪ ਹਿਰਦਾ) ਘਰ ਲੁੱਟ ਰਿਹਾ ਹੈ। (ਇਸ ਲਈ) ਮੇਰੀ ਬੇਨਤੀ ਸੁਣ, ਤੂੰ ਅਗਮ ਅਪਾਰ ਪ੍ਰਭੂ ਦੀ ਸ਼ਰਨ ਲੈ, (ਚੋਰਾਂ ਤੇ ਜਮਾਂ ਤੋਂ ਜੋ) ਰੱਖਿਆ ਕਰਨ ਵਾਲਾ ਹੈ।

ਨਾਨਕ ਗੁਰੂ ਜੀ ਆਖਦੇ ਹਨ ਕਿ ਮੂਰਖ ਜੀਵ ਇਸਤ੍ਰੀ ਕਦੇ ਵੀ ਪ੍ਰਭੂ ਨੂੰ ਯਾਦ ਨਹੀਂ ਕਰਦੀ, (ਫਿਰ ਉਸ ਨੂੰ) ਜੀਵਨ ਦੀ ਅੰਧੇਰੀ ਰਾਤ ਵਿਚ ਕੀ ਸੁਝੇਗਾ? (ਕੁਛ ਨਹੀਂ ਸੁੱਝਦਾ)।੧।

ਪਦਾਰਥ = ਪਹਿਲੈ ਪਹਰੈ–ਰਾਤ ਦੇ ਪਹਿਲੇ ਪਹਿਰੇ (ਉਮਰ ਦੇ ਪਹਿਲੇ ਹਿੱਸੇ ਬਚਪਨ) ਵਿਚ।ਨੈਣ ਸਲੋਨੜੀਏ–ਹੇ ਸੁੰਦਰ ਅੱਖਾਂ ਵਾਲੀ ਇਸਤ੍ਰੀਏ!।ਰੈਣਿ ਅੰਧਿਆਰੀ–ਅਗਿਆਨਤਾ ਦੀ ਅੰਧੇਰੀ ਰਾਤ।ਵਖਰੁ–ਸੌਦਾ।ਰਾਖੁ–(ਸਾਂਭ ਕੇ) ਰੱਖ।ਮੁਈਏ–ਹੇ ਮੋਈ ਹੋਈਏ! ;ਅਗਿਆਨ ਦਸ਼ਾ ਵਾਲੀਏ!; ਹੇ ਸੰਸਾਰ ਵੱਲੋਂ ਮਰੀ ਹੋਈਏ!; ਹੇ ਪਿਆਰੀਏ! (ਪੋਠੋਹਾਰ ਬੋਲੀ)।ਆਵੈ ਵਾਰੀ–(ਮੌਤ ਦੀ) ਵਾਰੀ ਆ ਰਹੀ ਹੈ।ਕਵਣੁ– ਕੌਣ।ਸੁਤੀ–ਅਗਿਆਨਤਾ (ਜਾਂ ਮੋਹ ਮਾਇਆ) ਦੀ ਨੀਂਦ ਵਿਚ ਸੁੱਤੀ ਹੋਈ।ਰਸ ਚੂਸਏ–ਪ੍ਰਾਣ ਰੂਪ ਰਸ ਚੂਸ ਲਵੇਗਾ (ਪ੍ਰਾਣ ਕੱਢ ਲਏਗਾ)।ਰੈਣਿ ਅੰਧੇਰੀ–ਅੰਧੇਰੀ ਰਾਤ ਵਿਚ।ਪਤਿ–ਇੱਜਤ।ਪੜੈ–ਪੈਂਦਾ ਹੈ।ਘਰੁ–ਹਿਰਦਾ ਘਰ।ਰਾਖਨਹਾਰਾ–ਰੱਖਿਆ ਕਰਨ ਵਾਲਾ।ਮੁਸਏ–ਲੁੱਟ ਰਿਹਾ ਹੈ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰਾ–ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ (ਬੇਅੰਤ)।ਕਬਹਿ–ਕਦੇ ਵੀ।ਨ ਚੇਤੈ–ਯਾਦ ਨਹੀਂ ਕਰਦਾ।ਕਿਆ ਸੂਝੈ–ਕੀ ਸੁੱਝੇਗਾ?।੧।

ਦੂਜਾ ਪਹਰੁ ਭਇਆ, ਜਾਗੁ ਅਚੇਤੀ ਰਾਮ ॥ ਵਖਰੁ ਰਾਖੁ ਮੁਈਏ, ਖਾਜੈ ਖੇਤੀ ਰਾਮ ॥ ਰਾਖਹੁ ਖੇਤੀ ਹਰਿ ਗੁਰ ਹੇਤੀ, ਜਾਗਤ ਚੋਰੁ ਨ ਲਾਗੈ ॥ ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ,ਜਮ ਕਾ ਡਰੁ ਭਉ ਭਾਗੈ ॥ ਰਵਿ ਸਸਿ ਦੀਪਕ ਗੁਰਮਤਿ ਦੁਆਰੈ, ਮਨਿ ਸਾਚਾ ਮੁਖਿ ਧਿਆਵਏ ॥ ਨਾਨਕ ਮੂਰਖੁ ਅਜਹੁ ਨ ਚੇਤੈ, ਕਿਵ ਦੂਜੈ ਸੁਖੁ ਪਾਵਏ ॥੨॥ ਹੇ ਮੂਰਖ ਜੀਵ ਇਸਤ੍ਰੀ! ਤੇਰੀ ਉਮਰ ਦੀ ਰਾਤ (ਜਵਾਨੀ) ਦਾ ਦੂਜਾ ਪਹਿਰ ਉਦੇ ਹੋ ਗਿਆ ਹੈ (ਜਵਾਨੀ ਲੰਘਦੀ ਜਾ ਰਹੀ ਹੈ), ਤੂੰ (ਅਗਿਆਨਤਾ ਦੀ ਨੀਂਦ ਵਿਚੋਂ ਗਿਆਨ ਅਵਸਥਾ ਵਿਚ) ਜਾਗ।ਹੇ ਮਰ ਜਾਣੀਏ! ਪ੍ਰਭੂ ਦੇ ਨਾਮ ਸੌਦੇ ਨੂੰ ਸਾਂਭ ਕੇ ਰੱਖ, (ਤੇਰੇ ਆਤਮਕ ਗੁਣਾਂ ਦੀ) ਖੇਤੀ (ਵਿਕਾਰਾਂ ਵੱਲੋਂ) ਖਾਧੀ ਜਾ ਰਹੀ ਹੈ।(ਹੇ ਭਾਈ!) ਹਰੀ ਰੂਪ ਗੁਰੂ ਨਾਲ ਪਿਆਰ ਲਾ ਕੇ (ਅਪਣੇ ਸ਼ੁੱਭ ਗੁਣਾਂ ਦੀ) ਖੇਤੀ ਸਾਂਭ ਕੇ ਰੱਖੋ, (ਗਿਆਨ ਅਵਸਥਾ ਵਿਚ) ਜਾਗਦਿਆਂ ਨੂੰ (ਕਾਮਾਦਿਕਾਂ ਵਿਚੋਂ ਕੋਈ) ਚੋਰ ਨਹੀਂ ਲਗ ਸਕਦਾ।(ਫਿਰ ਤੁਸੀਂ) ਜਮ ਦੇ ਰਸਤੇ ਨਹੀਂ ਜਾਵੋਗੇ, ਨਾ ਹੀ (ਨਰਕ ਦਾ) ਦੁਖ ਪਾਵੋਗੇ ਅਤੇ ਜਮਾਂ ਦਾ ਡਰ ਤੇ ਨਰਕ ਦਾ ਡਰ ਵੀ ਭੱਜ ਜਾਵੇਗਾ।(ਜਿਹੜਾ ਮਨੁੱਖ) ਗੁਰੂ ਦੀ ਸਿੱਖਿਆ ਦੁਆਰਾ ਮਨ ਵਿਚ ਤੇ ਮੂੰਹ ਨਾਲ ਸੱਚੇ ਪ੍ਰਭੂ ਨੂੰ ਧਿਆਉਂਦਾ ਹੈ, (ਉਸ ਦੇ) ਹਿਰਦੇ ਰੂਪ ਦਰ ਤੇ ਸੂਰਜ ਤੇ ਚੰਦ (ਗਿਆਨ ਤੇ ਸੀਤਲਤਾ) ਦੇ ਦੋ ਦੀਵੇ ਜਗ ਪੈਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਮੂਰਖ ਮਨੁੱਖ ਅਜੇ (ਜਵਾਨ ਅਵਸਥਾ ਵਿਚ) ਵੀ ਪ੍ਰਭੂ ਨੂੰ ਯਾਦ ਨਹੀਂ ਕਰਦਾ, (ਉਹ) ਦੂਜੇ ਭਾਵ ਵਿਚ ਰਹਿ ਕੇ ਕਿਵੇਂ ਸੁਖ ਪਾ ਸਕਦਾ ਹੈ?।੨।

ਪਦਾਰਥ = ਦੂਜਾ ਪਹਰ–ਜੀਵਨ ਦੀ ਰਾਤ ਦਾ ਦੂਜਾ ਪਹਿਰ (ਜਵਾਨੀ)।ਜਾਗੁ–(ਗਿਆਨ ਅਵਸਥਾ ਵਿਚ) ਜਾਗ।ਅਚੇਤੀ–ਹੇ ਮੂਰਖ ਜੀਵ ਇਸਤ੍ਰੀ!।ਵਖਰੁ–ਨਾਮ ਰੂਪ ਸੌਦਾ।ਰਾਖੁ–(ਹਿਰਦੇ ਵਿਚ ਸਾਂਭ ਕੇ) ਰੱਖ।ਮੁਈਏ–ਹੇ ਮਰ ਜਾਣੀਏ!।ਖਾਜੈ–ਖਾਧੀ ਜਾ ਰਹੀ ਹੈ।ਖੇਤੀ–ਆਤਮਕ ਗੁਣਾਂ ਦੀ ਫਸਲ।ਹੇਤੀ–ਪਿਆਰ ਲਾ ਕੇ।ਜਮ ਮਗਿ–ਜਮਾਂ ਦੇ ਰਸਤੇ।ਨ ਪਾਵਹੁ–ਨਹੀਂ ਪਾਵੋਗੇ। ਭਾਗੈ–ਭੱਜ ਜਾਵੇਗਾ।ਰਵਿ–ਸੂਰਜ (ਆਤਮਕ ਗਿਆਨ)।ਸਸਿ–ਚੰਦ (ਸੀਤਲਤਾ; ਸ਼ਾਂਤੀ)।ਦੀਪਕ–ਦੀਵੇ।ਗੁਰਮਤਿ–ਗੁਰੂ ਦੀ ਸਿੱਖਿਆ।ਦੁਆਰੈ–ਹਿਰਦੇ ਰੂਪ ਦਰ ਉਤੇ।ਮਨਿ–ਮਨ ਵਿਚ।ਸਾਚਾ–ਸੱਚਾ ਪ੍ਰਭੂ।ਮੁਖਿ–ਮੂੰਹ ਨਾਲ।ਧਿਆਵਏ–ਸਿਮਰਦਾ ਹੈ। ਅਜਹੁ–ਅਜੇ ਵੀ।ਨ ਚੇਤੈ–ਯਾਦ ਨਹੀਂ ਕਰਦਾ।ਕਿਵ–ਕਿਵੇਂ।ਦੂਜੈ–ਦੂਜੇ ਭਾਵ ਵਿਚ।ਪਾਵਏ–ਪਾ ਸਕਦਾ ਹੈ।੨।

ਤੀਜਾ ਪਹਰੁ ਭਇਆ, ਨੀਦ ਵਿਆਪੀ ਰਾਮ ॥ ਮਾਇਆ ਸੁਤ ਦਾਰਾ, ਦੂਖਿ ਸੰਤਾਪੀ ਰਾਮ ॥ ਮਾਇਆ ਸੁਤ ਦਾਰਾ ਜਗਤ ਪਿਆਰਾ ,ਚੋਗ ਚੁਗੈ ਨਿਤ ਫਾਸੈ ॥ ਨਾਮੁ ਧਿਆਵੈ ਤਾ ਸੁਖੁ ਪਾਵੈ, ਗੁਰਮਤਿ ਕਾਲੁ ਨ ਗ੍ਰਾਸੈ ॥ ਜੰਮਣੁ ਮਰਣੁ ਕਾਲੁ ਨ ਛੋਡੈ, ਵਿਣੁ ਨਾਵੈ ਸੰਤਾਪੀ ॥ ਨਾਨਕ ਤੀਜੈ ਤ੍ਰਿਬਿਧਿ ਲੋਕਾ, ਮਾਇਆ ਮੋਹਿ ਵਿਆਪੀ ॥੩॥(ਜਦ ਮਨੁੱਖ ਦੀ ਉਮਰ ਦਾ) ਤੀਜਾ ਪਹਿਰ ਸ਼ੁਰੂ ਹੋਇਆ (ਅਧਖੜ ਉਮਰ ਆਈ ਹੈ, ਤਾਂ ਇਸ ਨੂੰ) ਮਮਤਾ ਰੂਪ ਨੀਂਦ ਆ ਲੱਗੀ ਹੈ।(ਮਨੁੱਖ) ਮਾਇਆ, ਪੁਤ੍ਰ ਤੇ ਇਸਤ੍ਰੀ ਦੇ ਤਪਾਉਣ ਵਾਲੇ ਦੁਖ ਵਿਚ ਪਿਆ ਰਹਿੰਦਾ ਹੈ।ਮਾਇਆ, ਪੁਤ੍ਰ ,ਇਸਤ੍ਰੀ ਤੇ ਜਗਤ (ਇਸ ਨੂੰ) ਪਿਆਰੇ ਲਗਦੇ ਹਨ, (ਉਹ) ਨਿਤ ਭੋਗਾਂ ਦੇ ਚੋਗ ਚੁਗਦਾ ਅਤੇ ਨਿਤ (ਭੋਗਾਂ ਵਿਚ) ਫਸਦਾ ਰਹਿੰਦਾ ਹੈ।(ਪਰ ਜੇ ਉਹ) ਗੁਰੂ ਦੀ ਸਿੱਖਿਆ ਲੈ ਕੇ ਪ੍ਰਭੂ ਦਾ ਨਾਮ ਧਿਆਵੇ, ਤਾਂ ਸੁਖ ਪਾਉਂਦਾ ਹੈ, (ਫਿਰ ਇਸ ਨੂੰ) ਕਾਲ ਨਹੀਂ ਖਾਂਦਾ (ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ)।ਨਾਮ ਸਿਮਰਨ ਤੋਂ ਬਿਨਾ ਹੋਣ

ਕਰਕੇ (ਮਨੁੱਖ) ਦੁਖੀ ਰਹਿੰਦਾ ਹੈ, ਜਨਮ ਕਾਲ ਤੇ ਮਰਣ ਕਾਲ (ਇਸ ਨੂੰ) ਨਹੀਂ ਛਡਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਦੁਨੀਆਂ ਦੇ ਲੋਕੋ! ਉਮਰ ਦੇ ਤੀਜੇ ਪਹਿਰ ਵਿਚ ਵੀ ਮਨੁੱਖ ਤ੍ਰੈਗੁਣੀ ਮਾਇਆ ਦੇ ਮੋਹ ਵਿਚ ਲੱਗਾ ਹੋਇਆ ਹੈ।੩।

ਪਦਾਰਥ = ਤੀਜਾ ਪਹਿਰ–(ਮਨੁੱਖ ਦੀ ਉਮਰ ਦਾ) ਤੀਜਾ ਪਹਿਰ (ਅਧਖੜ ਉਮਰ; ਢਲਦੀ ਜਵਾਨੀ)। ਨੀਦ–ਮਮਤਾ ਦੀ ਨੀਂਦ। ਵਿਆਪੀ–ਆ ਲਗਦੀ ਹੈ। ਸੁਤ–ਪੁਤ੍ਰ। ਦਾਰਾ–ਇਸਤ੍ਰੀ। ਦੂਖਿ ਸੰਤਾਪੀ–ਤਪਾਉਣ ਵਾਲੇ ਦੁਖ ਵਿਚ। ਚੋਗ ਚੁਗੈ–(ਪਦਾਰਥਾਂ ਦੇ) ਚੋਗ ਚੁਗਦਾ ਰਹਿੰਦਾ ਹੈ। ਨਿਤ–ਹਰ ਰੋਜ; ਸਦਾ। ਫਾਸੈ–ਫਸਦਾ ਹੈ। ਤਾ–ਤਾਂ। ਗੁਰਮਤਿ–ਗੁਰੂ ਦੀ ਸਿੱਖਿਆ। ਕਾਲੁ–ਮੌਤ। ਨ ਗ੍ਰਾਸੈ–ਨਹੀਂ ਖਾਂਦੀ। ਕਾਲੁ–ਸਮਾਂ; ਮੌਤ। ਵਿਣੁ ਨਾਵੈ–ਨਾਮ ਤੋਂ ਬਿਨਾ। ਸੰਤਾਪੀ–ਦੁਖੀ ਰਹਿੰਦਾ ਹੈ। ਤੀਜੈ–(ਉਮਰ ਦੇ) ਤੀਜੇ ਪਹਿਰ ਵਿਚ। ਤ੍ਰਿਬਿਧਿ–ਤਿੰਨ ਗੁਣਾਂ (ਰਜੋ, ਤਮੋ ਤੇ ਸਤੋ) ਵਾਲੀ ਮਾਇਆ। ਲੋਕਾ–ਹੇ ਲੋਕੋ!। ਵਿਆਪੀ–ਲੱਗਾ ਹੋਇਆ ਹੈ।੩।

ਚਉਥਾ ਪਹਰੁ ਭਇਆ, ਦਉਤੁ ਬਿਹਾਗੈ ਰਾਮ ॥ ਤਿਨ ਘਰੁ ਰਾਖਿਅੜਾ, ਜੁੋ ਅਨਦਿਨੁ ਜਾਗੈ ਰਾਮ ॥ ਗੁਰ ਪੂਛਿ ਜਾਗੇ ਨਾਮਿ ਲਾਗੇ, ਤਿਨਾ ਰੈਣਿ ਸੁਹੇਲੀਆ ॥ ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ, ਤਿਨਾ ਹਰਿ ਪ੍ਰਭੁ ਬੇਲੀਆ ॥ ਕਰ ਕੰਪਿ ਚਰਣ ਸਰੀਰੁ ਕੰਪੈ, ਨੈਣ ਅੰਧੁਲੇ ਤਨੁ ਭਸਮ ਸੇ ॥ ਨਾਨਕ ਦੁਖੀਆ ਜੁਗ ਚਾਰੇ, ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥ (ਉਮਰ ਦੀ ਰਾਤ ਦਾ) ਚੌਥਾ ਪਹਿਰ ਸ਼ੁਰੂ ਹੋ ਗਿਆ (ਬੁਢੇਪਾ ਗੁਜਰਦਾ ਜਾ ਰਿਹਾ ਹੈ), ਸੂਰਜ ਦਾ ਚਾਨਣ ਹੋਣ ਵਾਲਾ ਹੈ (ਦਿਨ ਚੜ੍ਹਨ ਦਾ ਵੇਲਾ ਆ ਗਿਆ ਹੈ ਭਾਵ ਉਮਰ ਰੂਪ ਰਾਤ ਮੁੱਕਣ ਵਾਲੀ ਹੈ)। ਜੋ ਮਨੁੱਖ ਹਰ ਰੋਜ ਗਿਆਨਵਾਨ ਹੋ ਕੇ ਜਾਗਦਾ ਰਹਿੰਦਾ ਹੈ, ਉਨਾਂ ਨੇ (ਕਾਮਾ ਦਿਕ ਚੋਰਾਂ ਤੋਂ ਅਪਣਾ) ਹਿਰਦਾ ਘਰ ਬਚਾ ਰਖਿਆ ਹੈ। (ਜੋ ਮਨੁੱਖ) ਗੁਰੂ ਨੂੰ ਪੁੱਛ ਕੇ (ਗੁਰੂ ਦੀ ਸਿੱਖਿਆ ਲੈ ਕੇ ਅਗਿਆਨਤਾ ਦੀ ਨੀਂਦ ਵਿਚੋਂ) ਜਾਗੇ ਹਨ ਤੇ ਪ੍ਰਭੂ ਦੇ ਨਾਮ ਵਿਚ ਜੁੜੇ ਹਨ, ਉਨ੍ਹਾਂ ਦੀ ਉਮਰ ਰੂਪ ਰਾਤ ਸੁਖਦਾਈ ਲੰਘਦੀ ਹੈ। (ਉਹ) ਗੁਰੂ ਦੇ ਸ਼ਬਦ ਦੀ ਕਮਾਈ ਕਰਦੇ ਹਨ, ਹਰੀ ਪ੍ਰਭੂ ਉਨ੍ਹਾਂ ਦਾ ਸਹਾਇਕ ਬਣ ਜਾਂਦਾ ਹੈ, (ਇਸ ਲਈ ਉਹ) ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੇ। (ਉਮਰ ਦੀ ਰਾਤ ਦੇ ਚੌਥੇ ਪਹਿਰ ਵਿਚ ਮਨੁੱਖ ਦੇ) ਹੱਥ, ਪੈਰ ਕੰਬਦੇ ਹਨ, ਸਾਰਾ ਸਰੀਰ ਹੀ ਕੰਬਣ ਲਗ ਪੈਂਦਾ ਹੈ, ਅੱਖਾਂ ਅੰਨ੍ਹੀਆਂ ਅਤੇ ਸਰੀਰ ਸੁਆਹ ਵਰਗਾ ਬੇ ਰੌਣਕਾ ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਮਨ ਵਿਚ ਵਸਣ ਤੋਂ ਬਿਨਾ ਮਨੁੱਖ ਚਾਰੇ ਜੁਗਾਂ (ਜੀਵਨ ਦੇ ਚਾਰੇ ਪਹਿਰਾਂ) ਵਿਚ ਦੁਖੀ ਰਹਿੰਦਾ ਹੈ।੪।

ਪਦਾਰਥ = ਚਉਥਾ ਪਹਰੁ–ਉਮਰ ਰੂਪ ਰਾਤ ਦਾ ਚੌਥਾ ਪਹਿਰ (ਬਿਰਥ ਅਵਸਥਾ)। ਭਇਆ–ਹੋ ਗਿਆ। ਦਉਤੁ–ਚਾਨਣ। ਬਿਹਾਗੈ–ਸੂਰਜ ਦਾ। ਤਿਨ–ਉਨ੍ਹਾਂ ਨੇ। ਘਰੁ–ਹਿਰਦਾ ਘਰ। ਰਾਖਿਅੜਾ–ਬਚਾ ਕੇ ਰੱਖਿਆ ਹੈ। ਅਨਦਿਨੁ–ਹਰ ਰੋਜ; ਸਦਾ। ਜਾਗੈ–ਜਾਗਦਾ ਹੈ। ਗੁਰ ਪੂਛਿ–ਗੁਰੂ ਦੀ ਸਿੱਖਿਆ ਪੁੱਛ ਕੇ। ਜਾਗੇ–ਜਾਗਦੇ ਹਨ। ਨਾਮਿ ਲਾਗੇ–ਨਾਮ ਸਿਮਰਨ ਵਿਚ ਜੁੜੇ ਹਨ। ਰੈਣਿ–ਉਮਰ ਰੂਪ ਰਾਤ। ਸੁਹੇਲੀਆ–ਸੁਖਦਾਈ। ਸਬਦੁ ਕਮਾਵਹਿ–ਸ਼ਬਦ ਦੀ ਕਮਾਈ ਕਰਦੇ ਹਨ। ਜਨਮਿ–ਜਨਮ ਮਰਨ ਦੇ ਗੇੜ ਵਿਚ। ਨ ਆਵਹਿ–ਨਹੀਂ ਆਉਂਦੇ। ਤਿਨਾ–ਉਨ੍ਹਾਂ ਦਾ। ਬੇਲੀਆ–ਸਹਾਇਕ; ਮਿਤ੍ਰ। ਕਰ–ਹੱਥ। ਕੰਪਿ–ਕੰਬਦੇ ਹਨ। ਚਰਣ–ਪੈਰ। ਕੰਪੈ–ਕੰਬਦਾ ਹੈ। ਨੈਣ–ਅੱਖਾਂ। ਅੰਧੁਲੇ–ਅੰਨ੍ਹੀਆਂ। ਤਨੁ–ਸਰੀਰ। ਭਸਮ ਸੇ–ਸੁਆਹ ਵਰਗਾ (ਖੁਸ਼ਕ; ਬੇ ਰੌਣਕਾ)। ਜੁਗ ਚਾਰੇ–ਚਾਰੇ ਜੁਗਾਂ ਵਿਚ ਕੋਈ ਜੁਗ ਹੋਵੇ; ਉਮਰ ਦੇ ਚੌਹਾਂ ਸਮਿਆਂ ਵਿਚ। ਮਨਿ–ਮਨ ਵਿਚ ੪।

ਖੂਲੀ ਗੰਠਿ ਉਠੋ, ਲਿਖਿਆ ਆਇਆ ਰਾਮ ॥ ਰਸ ਕਸ ਸੁਖ ਠਾਕੇ, ਬੰਧਿ ਚਲਾਇਆ ਰਾਮ ॥ ਬੰਧਿ ਚਲਾਇਆ ਜਾ ਪ੍ਰਭ ਭਾਇਆ, ਨਾ ਦੀਸੈ ਨਾ ਸੁਣੀਐ ॥ ਆਪਣ ਵਾਰੀ ਸਭਸੈ ਆਵੈ, ਪਕੀ ਖੇਤੀ ਲੁਣੀਐ ॥ ਘੜੀ ਚਸੇ ਕਾ ਲੇਖਾ ਲੀਜੈ, ਬੁਰਾ ਭਲਾ ਸਹੁ ਜੀਆ ॥ ਨਾਨਕ ਸੁਰਿ ਨਰ ਸਬਦਿ ਮਿਲਾਏ, ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥ (ਹੇ ਭਾਈ! ਜਦੋਂ) ਪ੍ਰਭੂ ਵੱਲੋਂ ਲਿਖਿਆ ਹੁਕਮ ਆਇਆ, (ਤਾਂ ਜਮਾਂ ਨੇ ਆ ਕੇ ਕਿਹਾ ਕਿ) ਉਠ ਚੱਲੋ, (ਉਸ ਵੇਲੇ) ਜੀਵਨ ਦੇ ਸੁਆਸਾਂ ਦੀ ਗੰਢ ਖੁਲ੍ਹ ਗਈ (ਸੁਆਸ ਮੁੱਕ ਗਏ)। ਛੇ ਤਰ੍ਹਾਂ ਦੇ ਕਸੈਲਾ ਆਦਿ ਰਸਾਂ ਦੇ ਪਦਾਰਥ ਤੇ ਸੁਖ ਰੋਕ ਲਏ ਜਾਂਦੇ ਹਨ ਅਤੇ (ਜਮਾਂ ਨੇ) ਜੀਵ ਨੂੰ ਬੰਨ੍ਹ ਕੇ ਅੱਗੇ ਤੋਰ ਲਿਆ। ਜਦੋਂ ਪ੍ਰਭੂ ਦਾ ਹੁਕਮ ਆਇਆ, (ਉਦੋਂ ਜਮਾਂ ਨੇ) ਜੀਵ ਨੂੰ ਬੰਨ੍ਹ ਕੇ ਅੱਗੇ ਤੋਰ ਲਿਆ, (ਫਿਰ ਉਸ ਨੂੰ) ਨਾ ਕੁਛ ਦਿਸਦਾ ਹੈ ਤੇ ਨਾ ਸੁਣਦਾ ਹੈ। (ਹੇ ਭਾਈ!) ਅਪਣੀ ਵਾਰੀ ਅਨੁਸਾਰ ਸਾਰੇ ਜੀਵਾਂ ਦੀ ਮੌਤ ਦਾ ਦਿਨ ਆਉਂਦਾ ਹੈ, (ਕਿਉਂਕਿ) ਪੱਕੀ ਖੇਤੀ ਵੱਢ ਹੀ ਲਈ ਜਾਂਦੀ ਹੈ। (ਪ੍ਰਲੋਕ ਵਿਚ ਹਰੇਕ) ਜੀਵ ਪਾਸੋਂ ਹਰ ਘੜੀ ਪਲ ਦੇ ਕਰਮਾਂ ਦਾ ਹਿਸਾਬ ਲਿਆ ਜਾਂਦਾ ਹੈ,

ਹੇ ਜੀਵ! (ਤੂੰ ਅਪਣੇ) ਕੀਤੇ ਚੰਗੇ ਮਾੜੇ ਕਰਮਾਂ ਦਾ ਫਲ ਸਹਾਰ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਨੇ ਅਜੇਹਾ ਕਾਰਣ ਰਚਿਆ ਹੈ ਕਿ ਪ੍ਰਭੂ ਨੇ ਦੈਵੀ ਪੁਰਖਾਂ ਨੂੰ ਗੁਰੂ ਦੇ ਸ਼ਬਦ ਦੁਆਰਾ ਅਪਣੇ ਨਾਲ ਮਿਲਾ ਲਿਆ ਹੈ।੫।੨।

ਪਦਾਰਥ = ਖੁਲੀ–ਖੁਲ੍ਹ ਗਈ। ਗੰਠਿ–(ਸੁਆਸਾਂ ਦੀ) ਗੰਢ। ਉਠੋ–ਉਠ ਚੱਲੋ। ਰਸ ਕਸ–ਛੇ ਤਰ੍ਹਾਂ ਦੇ ਰਸਾਂ ਦੇ ਪਦਾਰਥ। ਠਾਕੇ–ਰੋਕ ਲਏ ਜਾਂਦੇ ਹਨ। ਬੰਧਿ–ਬੰਨ੍ਹ ਕੇ। ਚਲਾਇਆ–(ਜੀਵ ਨੂੰ) ਅੱਗੇ ਤੋਰ ਲਿਆ। ਜਾ–ਜਦੋਂ। ਪ੍ਰਭ ਭਾਇਆ–ਪ੍ਰਭੂ ਦਾ ਹੁਕਮ ਆਇਆ। ਸਭਸੈ–ਸਾਰੇ ਜੀਵਾਂ ਦੀ। ਪਕੀ ਖੇਤੀ–ਪੱਕੀ ਹੋਈ ਫਸਲ। ਲੁਣੀਐ–ਵੱਢ ਲਈ ਜਾਂਦੀ ਹੈ। ਘੜੀ–੨੪ ਮਿੰਟਾਂ ਦਾ ਸਮਾਂ। ਚਸੇ ਕਾ–੧੫ ਵਾਰ ਅੱਖ ਫਰਕਣ ਦੇ ਸਮੇਂ ਦਾ। ਲੀਜੈ–ਲਿਆ ਜਾਂਦਾ ਹੈ। ਸਹੁ–ਸਹਾਰ। ਜੀਆ–ਹੇ ਜੀਵ!। ਸੁਰਿ ਨਰ–ਦੈਵੀ ਗੁਣਾਂ ਵਾਲੇ ਪੁਰਖ। ਸਬਦਿ–ਸ਼ਬਦ ਦੁਆਰਾ। ਤਿਨਿ ਪ੍ਰਭਿ–ਉਸ ਪ੍ਰਭੂ ਨੇ। ਕਾਰਣੁ–ਸਬੱਬ। ਕੀਆ–ਰਚਿਆ।੫।੨।

ਸਾਰੰਸ਼ = ਰਾਤ ਦੇ ਚਾਰ ਪਹਿਰਿਆਂ ਵਾਂਗ ਉਮਰ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਦੱਸਿਆ ਹੈ ਕਿ ਜਿਵੇਂ ਬੇਸੁਰਤ ਹੋ ਕੇ ਰਾਤ ਲੰਘਾਉਣ ਵਾਲਿਆਂ ਦੇ ਘਰ ਚੋਰ ਪੈਂਦੇ ਹਨ, ਤਿਵੇਂ ਹਰੀ ਨੂੰ ਵਿਸਾਰ ਕੇ ਜਿਉਣ ਵਾਲਿਆਂ ਦੇ ਗੁਣ ਲੁੱਟੇ ਜਾਂਦੇ ਹਨ। ਪਹਿਲੇ ਦੋ ਪਹਿਰਿਆਂ ਵਿਚ ਮਨੁੱਖ ਨੂੰ ਅਪਣੇ ਰੂਪ ਰਸ ਦੇ ਮਦ ਵੱਲੋਂ, ਜੋ ਜਮ ਦੇ ਮਗ ਵੱਲ ਲਿਜਾਂਦੇ ਹਨ, ਸੁਚੇਤ ਕੀਤਾ ਹੈ। ਤੀਜੇ ਵਿਚ ਸੁਤ ਦਾਰਾ ਦੇ ਮੋਹ ਮਾਇਆ ਵਿਚ ਪੈ ਕੇ ਹਰੀ ਵੱਲੋਂ ਅਚੇਤ ਹੋਣ ਤੋਂ ਵਰਜਿਆ ਹੈ। ਚੌਥੈ ਤੇ ਪੰਜਵੇਂ ਵਿਚ ਸਰੀਰ ਦੇ ਕਮਜੋਰ ਪੈ ਜਾਣ ਵੱਲ ਇਸ਼ਾਰਾ ਕਰਕੇ ਰਸ ਕਸ ਵਾਲੀ ਜਿੰਦਗੀ ਤੋਂ ਰੋਕਿਆ ਹੈ। (ਸ਼ਬਦਾਰਥ)

ਤੁਖਾਰੀ ਮਹਲਾ ੧ ॥ ਤਾਰਾ ਚੜਿਆ ਲੰਮਾ, ਕਿਉ ਨਦਰਿ ਨਿਹਾਲਿਆ ਰਾਮ ॥ ਸੇਵਕ ਪੂਰ ਕਰੰਮਾ, ਸਤਿਗੁਰਿ ਸਬਦਿ ਦਿਖਾਲਿਆ ਰਾਮ ॥ ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ, ਅਹਿਨਿਸਿ ਦੇਖਿ ਬੀਚਾਰਿਆ ॥ ਧਾਵਤ ਪੰਚ ਰਹੇ ਘਰੁ ਜਾਣਿਆ, ਕਾਮੁ ਕ੍ਰੋਧੁ ਬਿਖੁ ਮਾਰਿਆ ॥ ਅੰਤਰਿ ਜੋਤਿ ਭਈ ਗੁਰ ਸਾਖੀ, ਚੀਨੇ ਰਾਮ ਕਰੰਮਾ ॥ ਨਾਨਕ ਹਉਮੈ ਮਾਰਿ ਪਤੀਣੇ, ਤਾਰਾ ਚੜਿਆ ਲੰਮਾ ॥੧॥ (ਹੇ ਭਾਈ! ਸਾਰੇ ਖੰਡਾਂ ਬ੍ਰਹਮੰਡਾਂ ਵਿਚ) ਪ੍ਰਕਾਸ਼ ਕਰਨ ਵਾਲਾ ਪ੍ਰਮਾਤਮਾ ਰੂਪ ਲੰਬਾ ਤਾਰਾ ਚੜ੍ਹਿਆ (ਪ੍ਰਗਟ ਹੋਇਆ) ਹੈ, (ਇਹ ਤਾਰਾ) ਨਜਰ ਨਾਲ ਕਿਵੇਂ ਦੇਖਿਆ ਜਾਵੇ? (ਉਤਰ, ਜਿਸ) ਸੇਵਕ ਦੇ ਪੂਰੇ ਭਾਗ ਜਾਗ ਪਏ ਹਨ, (ਉਸ ਨੂੰ) ਸਤਿਗੁਰੂ ਨੇ ਸ਼ਬਦ ਦੁਆਰਾ (ਉਹ ਤਾਰਾ) ਦਿਖਾ ਦਿਤਾ ਹੈ। ਗੁਰੂ ਦੇ ਸ਼ਬਦ ਨੇ (ਤਦੋਂ ਪ੍ਰਭੂ) ਦਿਖਾਇਆ ਹੈ, (ਜਦੋਂ ਉਸ ਸੇਵਕ ਨੇ) ਸੱਚੇ ਪ੍ਰਭੂ ਨੂੰ ਸਿਮਰਿਆ ਅਤੇ ਦਿਨ ਰਾਤ (ਅਪਣੇ ਔਗਣ) ਦੇਖ ਕੇ (ਇਨ੍ਹਾਂ ਤੋਂ ਬਚਣ ਦੀ) ਵਿਚਾਰ ਕੀਤੀ ਹੈ। (ਜਦੋਂ ਉਸ ਦੇ) ਪੰਜ ਗਿਆਨ ਇੰਦ੍ਰੇ ਦੌੜਨ ਤੋਂ ਰੁਕ ਗਏ ਅਤੇ (ਉਸ ਨੇ) ਕਾਮ ਕ੍ਰੋਧ ਰੂਪ ਜਹਿਰ ਨੂੰ ਮਾਰ ਲਿਆ, (ਤਾਂ ਉਸ ਨੇ ਅਪਣੇ ਅਸਲੀ) ਘਰ ਨੂੰ ਜਾਣ ਲਿਆ। ਗੁਰੂ ਦੀ ਸਿੱਖਿਆ ਦੁਆਰਾ (ਉਸ ਦੇ) ਹਿਰਦੇ ਅੰਦਰ ਰੱਬੀ ਜੋਤ ਪ੍ਰਗਟ ਹੋ ਗਈ, (ਤਦ ਉਸ ਨੇ) ਪ੍ਰਭੂ ਦੇ ਨਿਆਰੇ ਕੰਮ ਦੇਖੇ; (ਉਸ ਨੇ) ਵੱਡੇ ਭਾਗਾਂ ਕਰਕੇ ਹਰੀ ਨੂੰ ਜਾਣਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਸੇਵਕ) ਹਉਮੈ ਮਾਰ ਕੇ ਪ੍ਰਭੂ ਵਿਚ ਪਤੀਜ ਗਏ ਹਨ, (ਉਨ੍ਹਾਂ ਦੇ ਹਿਰਦੇ ਅੰਦਰ) ਪ੍ਰਕਾਸ਼ ਕਰਨ ਵਾਲਾ ਪ੍ਰਭੂ ਰੂਪ ਲੰਮਾ ਤਾਰਾ ਚੜ੍ਹਿਆ ਹੈ।੧।

ਪਦਾਰਥ = ਤਾਰਾ ਲੰਮਾ–ਬੋਦੀ ਵਾਲਾ ਤਾਰਾ (ਜੋ ਰਾਤ ਵੇਲੇ ਪ੍ਰਤੱਖ ਦਿਸਦਾ ਹੈ); ਪ੍ਰਕਾਸ਼ ਸਰੂਪ ਪ੍ਰਭੂ। ਨਦਰਿ–ਨਜਰ ਨਾਲ। ਕਿਉ–ਕਿਵੇਂ। ਨਿਹਾਲਿਆ–ਦੇਖਿਆ ਜਾਵੇ। ਪੂਰ ਕਰੰਮਾ–ਪੂਰੇ ਭਾਗ। ਸਤਿਗੁਰਿ–ਸਤਿਗੁਰੂ ਨੇ। ਸਬਦਿ–ਸ਼ਬਦ ਦੁਆਰਾ। ਸਚੁ–ਸੱਚ ਸਰੂਪ ਪ੍ਰਭੂ। ਸਮਾਲਿਆ–ਸਿਮਰਿਆ। ਅਹਿ–ਦਿਨ। ਨਿਸਿ–ਰਾਤ। ਦੇਖਿ–ਦੇਖ ਕੇ। ਪੰਚ–ਪੰਜ ਗਿਆਨ ਇੰਦ੍ਰੇ। ਧਾਵਤ ਰਹੇ–ਦੌੜਨ ਤੋਂ ਰੁਕ ਗਏ। ਘਰੁ–ਅਸਲੀ ਘਰ। ਬਿਖੁ–ਜਹਿਰ। ਅੰਤਰਿ–ਹਿਰਦੇ ਅੰਦਰ। ਭਈ–ਹੋ ਗਈ। ਗੁਰ ਸਾਖੀ–ਗੁਰੂ ਦੀ ਸਿੱਖਿਆ ਰਾਹੀਂ। ਚੀਨੇ–ਜਾਣਿਆ; ਦੇਖਿਆ। ਰਾਮ–ਪ੍ਰਭੂ ਦੇ। ਕਰੰਮਾ–ਕੌਤਕਾਂ ਨੂੰ; ਵੱਡੇ ਭਾਗਾਂ ਕਰਕੇ। ਮਾਰਿ–ਮਾਰ ਕੇ। ਪਤੀਣੇ–ਪਤੀਜ ਗਏ।੧।

ਤਾਰਾ ਚੜਿਆ ਲੰਮਾ = ੧. ਹਰੀ ਦੇ ਸੇਵਕ ਦੇ ਮਨ ਅੰਦਰ ਪ੍ਰਕਾਸ਼ ਸਰੂਪ ਹਰੀ ਪ੍ਰਗਟ ਹੋਇਆ ਹੈ, (ਪਰ ਉਸ ਸੇਵਕ ਨੇ) ਅੱਖਾਂ ਨਾਲ ਕਿਵੇਂ ਦੇਖਿਆ ਹੈ? (ਡਾ.ਤਾਰਨ ਸਿੰਘ)।

ਸਾਰੰਸ਼ = ਉਮਰ ਰੂਪ ਰਾਤ ਦੇ ਹਨ੍ਹੇਰੇ ਵਿਚ ਆਤਮ ਪ੍ਰਕਾਸ਼ ਰੂਪ ਬੋਦੀ ਵਾਲਾ ਤਾਰਾ ਚੜ੍ਹ ਸਕਦਾ ਹੈ, ਜੇ ਗੁਰ ਸ਼ਬਦ ਵੱਲ ਧਿਆਨ ਦੇਈਏ। ਇਸ ਚਾਨਣ ਵਿਚ ਪਾਪ ਰੂਪ ਚੋਰ ਘਰ ਦੇ ਨੇੜੇ ਨਹੀਂ ਆਉਂਦੇ, ਸਗੋਂ ਗੁਣਾਂ ਦੀ ਸੋਝੀ ਰਹਿੰਦੀ ਹੈ। ਅਤੇ ਹਰ ਇਕ ਵਿਚ ਹਰੀ ਦੀ ਜੋਤ ਸਮਾਈ ਹੋਈ ਦਿਸਦੀ ਹੈ, ਜਿਸ ਨਾਲ ਮਨੁੱਖ ਹਉਮੈ ਨੂੰ ਮਾਰ ਕੇ ਹਰੀ ਨਾਲ ਮਿਲਿਆ ਰਹਿੰਦਾ ਹੈ। (ਸ਼ਬਦਾਰਥ)

ਅੰਗ ੧੧੧੧ = ਗੁਰਮੁਖਿ ਜਾਗਿ ਰਹੇ, ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ, ਸਾਚਿ ਸਮਾਨੀ ਰਾਮ ॥ ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ, ਗੁਰਮੁਖਿ ਸਾਬਤੁ ਜਾਗੇ ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ, ਹਰਿ ਚਰਨੀ ਲਿਵ ਲਾਗੇ ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ, ਮਨਮੁਖਿ ਭਰਮਿ ਭੁਲਾਣੀ ॥ ਨਾਨਕ ਭੋਰੁ ਭਇਆ ਮਨੁ ਮਾਨਿਆ, ਜਾਗਤ ਰੈਣਿ ਵਿਹਾਣੀ ॥੨॥ ਹੇ ਭਾਈ! ਗੁਰਮੁਖਿ ਗਿਆਨ ਅਵਸਥਾ ਵਿਚ ਜਾਗਦੇ ਰਹਿੰਦੇ ਹਨ, (ਕਿਉਂਕਿ ਉਨ੍ਹਾਂ ਦੇ ਅੰਦਰੋਂ) ਅਭਿਮਾਨ ਪੂਰਾ ਦੂਰ ਹੋ ਗਿਆ ਹੁੰਦਾ ਹੈ। (ਉਨ੍ਹਾਂ ਦੇ ਹਿਰਦੇ ਅੰਦਰ) ਦਿਨ ਰਾਤ ਆਤਮਕ ਪ੍ਰਕਾਸ਼ ਹੋਇਆ ਰਹਿੰਦਾ ਹੈ, (ਉਨ੍ਹਾਂ ਦੀ) ਸੁਰਤ ਸੱਚੇ ਪ੍ਰਭੂ ਵਿਚ ਲੀਨ ਰਹਿੰਦੀ ਹੈ। ਸੱਚੇ ਪ੍ਰਭੂ ਵਿਚ ਲੀਨ ਹੋਈ ਸੁਰਤ ਗੁਰਮੁਖਾਂ ਦੇ ਮਨ ਵਿਚ ਭਾਉਂਦੀ ਹੈ, (ਅਜੇਹੇ) ਗੁਰਮੁਖ ਗਿਆਨ ਅਵਸਥਾ ਵਿਚ ਜਾਗੇ ਹੋਏ ਪੂਰਨ ਹਨ। (ਉਨ੍ਹਾਂ ਨੂੰ) ਗੁਰੂ ਨੇ ਸੱਚਾ ਨਾਮ ਰੂਪ ਅੰਮ੍ਰਿਤ ਦਿਤਾ ਹੋਇਆ ਹੈ ਅਤੇ (ਉਨ੍ਹਾਂ ਦੀ) ਲਿਵ ਹਰੀ ਦੇ ਚਰਨਾਂ ਵਿਚ ਲੱਗੀ ਰਹਿੰਦੀ ਹੈ। (ਉਨ੍ਹਾਂ ਦੇ ਅੰਦਰ) ਹਰੀ ਦੀ ਜੋਤ ਪ੍ਰਗਟ ਹੋ ਗਈ ਹੈ ਅਤੇ (ਉਹ ਹਰ ਇਕ ਜੀਵ ਦੇ ਅੰਦਰ) ਹਰੀ ਦੀ ਜੋਤ ਜਾਣਦਾ ਹੈ; (ਉਸ ਨੇ ਇਸ) ਜੋਤ ਰਾਹੀਂ ਹਰੀ ਨੂੰ ਜਾਨਿਆ ਹੈ, (ਪਰ) ਮਨਮੁਖ ਜੀਵ ਇਸਤ੍ਰੀ ਭਰਮ ਵਿਚ ਭੁੱਲੀ ਰਹਿੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰਮੁਖਾਂ ਦੇ ਅੰਦਰ) ਆਤਮਕ ਪ੍ਰਕਾਸ਼ ਹੋਇਆ ਰਹਿੰਦਾ ਹੈ, (ਉਨ੍ਹਾਂ ਦਾ) ਮਨ ਪ੍ਰਭੂ ਵਿਚ ਪਤੀਜ ਗਿਆ ਹੈ ਅਤੇ (ਉਨ੍ਹਾਂ ਦੀ) ਉਮਰ ਰੂਪ ਰਾਤ ਗਿਆਨ ਅਵਸਥਾ ਵਿਚ ਜਾਗਦਿਆਂ ਬੀਤਦੀ ਹੈ।੨।

ਪਦਾਰਥ = ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਜਾਗਿ ਰਹੇ–ਜਾਗਦੇ (ਸੁਚੇਤ) ਰਹਿੰਦੇ ਹਨ। ਚੂਕੀ–ਦੂਰ ਹੋ ਗਿਆ। ਅਭਿਮਾਨੀ–ਹੰਕਾਰ ਵਾਲੀ ਦਸ਼ਾ। ਅਨਦਿਨੁ–ਹਰ ਰੋਜ; ਸਦਾ। ਭੋਰੁ–ਆਤਮਕ ਪ੍ਰਕਾਸ਼; ਸਵੇਰਾ। ਭਇਆ–ਹੋਇਆ ਰਹਿੰਦਾ ਹੈ। ਸਾਚਿ–ਸੱਚੇ ਪ੍ਰਭੂ ਵਿਚ। ਸਮਾਨੀ–ਲੀਨ ਰਹਿੰਦੀ ਹੈ। ਮਨਿ–ਮਨ ਵਿਚ। ਭਾਨੀ–ਪਿਆਰੀ ਲਗਦੀ ਹੈ। ਸਾਬਤੁ–ਪੂਰਾ; ਦੋਸ਼ ਰਹਿਤ। ਗੁਰਿ ਦੀਆ–ਗੁਰੂ ਨੇ ਦਿਤਾ ਹੈ। ਜੋਤਿ–ਜੋਤ ਰਾਹੀਂ; (ਹਰੇਕ ਜੀਵ ਵਿਚ ਹਰੀ ਦੀ) ਜੋਤ। ਜਾਤਾ–ਜਾਣਿਆ ਹੈ। ਮਨਮੁਖਿ–ਮਨ ਦੇ ਪਿੱਛੇ ਤੁਰਨ ਵਾਲੀ ਇਸਤ੍ਰੀ। ਭਰਮਿ–ਭਰਮ ਵਿਚ। ਭੁਲਾਣੀ–ਭੁੱਲੀ (ਕੁਰਾਹੇ ਪਈ) ਹੋਈ ਹੈ। ਮਨੁ ਮਾਨਿਆ–ਮਨ ਪਤੀਜ ਗਿਆ; ਮਨ ਵਿਸ਼ਵਾਸ਼ ਵਾਲਾ ਹੋ ਗਿਆ; ਮਨ ਸੰਤੁਸ਼ਟ ਹੋ ਗਿਆ। ਜਾਗਤ–ਜਾਗਦਿਆਂ। ਰੈਣਿ–ਜੀਵਨ ਰੂਪ ਰਾਤ। ਵਿਹਾਣੀ–ਬੀਤਦੀ ਹੈ।੨।

ਅਉਗਣ ਵੀਸਰਿਆ, ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ, ਅਵਰੁ ਨ ਬੀਆ ਰਾਮ ॥ ਰਵਿ ਰਹਿਆ ਸੋਈ ਅਵਰੁ ਨ ਕੋਈ, ਮਨ ਹੀ ਤੇ ਮਨੁ ਮਾਨਿਆ ॥ ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ, ਸੋ ਪ੍ਰਭੁ ਗੁਰਮੁਖਿ ਜਾਨਿਆ ॥ ਕਰਣ ਕਾਰਣ ਸਮਰਥ ਅਪਾਰਾ, ਤ੍ਰਿਬਿਧਿ ਮੇਟਿ ਸਮਾਈ ॥ ਨਾਨਕ ਅਵਗਣ ਗੁਣਹ ਸਮਾਣੇ, ਐਸੀ ਗੁਰਮਤਿ ਪਾਈ ॥੩॥ ਹੇ ਭਾਈ! (ਜਿਸ ਗੁਰਮੁਖਿ ਦੇ ਹਿਰਦੇ ਵਿਚ ਪ੍ਰਭੂ ਦਾ ਪ੍ਰਕਾਸ਼ ਹੋਇਆ ਹੈ, ਉਸ ਦੇ ਅੰਦਰੋਂ) ਔਗਣ ਮੁੱਕ ਗਏ, (ਉਸ ਦੇ ਅੰਦਰ) ਗੁਣਾਂ ਨੇ ਘਰ ਕਰ ਲਿਆ ਹੈ; (ਗੁਰਮੁਖਾਂ ਦੇ ਮਨ ਵਿਚੋਂ) ਔਗਣਾਂ ਦਾ ਸਮਾਦਾਇ ਬਿਸਰ ਗਿਆ ਹੈ ਅਤੇ (ਉਸ ਦੇ ਹਿਰਦੇ ਵਿਚ) ਗੁਣਾਂ ਨੇ ਨਿਵਾਸ ਕਰ ਲਿਆ ਹੈ (ਫ.ਸ.)। (ਉਸ ਨੂੰ ਸਭ ਜਗ੍ਹਾ) ਇਕੋ ਪ੍ਰਭੂ ਵਿਆਪਕ ਹੋ ਰਿਹਾ ਦਿਸਦਾ ਹੈ, ਹੋਰ ਦੂਜਾ ਕੋਈ ਨਹੀਂ ਦਿਸਦਾ। (ਉਸ ਨੂੰ) ਉਹ ਹੀ ਪ੍ਰਭੂ ਵਿਆਪਕ ਹੋ ਰਿਹਾ ਦਿਸਦਾ ਹੈ, ਹੋਰ ਕੋਈ ਨਹੀ ਦਿਸਦਾ, ਮਨ ਤੋਂ ਹੀ (ਉਸ ਦਾ) ਮਨ ਸਾਂਤ ਹੋ ਗਿਆ ਹੈ। ਜਿਸ ਪ੍ਰਭੂ ਨੇ ਜਲ ਵਾਲੇ ਸਥਾਨ, ਥਲ ਦੇ ਸਥਾਨ, ਤਿੰਨੇ ਭਵਨ ਅਤੇ ਹਰੇਕ ਜੀਵ ਦਾ ਸਰੀਰ ਬਣਾਇਆ ਹੈ, ਉਹ ਪ੍ਰਭੂ (ਗੁਰਮੁਖ ਨੇ) ਗੁਰੂ ਦੁਆਰਾ ਜਾਣ ਲਿਆ ਹੈ। (ਉਹ) ਤ੍ਰੈਗੁਣੀ ਮਾਇਆ ਨੂੰ ਮੇਟ ਕੇ ਪ੍ਰਭੂ ਵਿਚ ਲੀਨ ਰਹਿੰਦਾ ਹੈ, ਜੋ ਸਾਰੇ ਕਾਰਨਾਂ ਨੂੰ ਕਰਨ ਵਾਲਾ ਸਮਰੱਥ ਤੇ ਬੇਅੰਤ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਐਸੀ ਗੁਰਮੱਤ ਪ੍ਰਾਪਤ ਕਰ ਲਈ ਹੈ, (ਜਿਸ ਦੀ ਬਰਕਤ ਨਾਲ) ਔਗਣ ਗੁਣਾਂ ਵਿਚ ਸਮਾ (ਮੁੱਕ) ਗਏ ਹਨ।੩।

ਪਦਾਰਥ = ਵੀਸਰਿਆ–ਭੁੱਲ (ਮੁੱਕ) ਗਏ। ਗੁਣਾ–ਗੁਣਾਂ ਨੇ। ਘਰੁ ਕੀਆ–ਟਿਕਾਣਾ ਬਣਾ ਲਿਆ। ਏਕੋ–ਇਕ ਪ੍ਰਭੂ। ਰਵਿ ਰਹਿਆ –ਵਿਆਪਕ ਹੋ ਰਿਹਾ ਦਿਸਦਾ ਹੈ। ਅਵਰੁ–ਹੋਰ। ਬੀਆ–ਦੂਜਾ। ਸੋਈ–ਉਹ ਹੀ। ਮਨ ਹੀ ਤੇ–ਮਨ ਤੋਂ ਹੀ। ਮਨੁ ਮਾਨਿਆ–ਪਤੀਜ (ਸ਼ਾਂਤ ਹੋ) ਗਿਆ। ਜਿਨਿ–ਜਿਸ (ਪ੍ਰਭੂ) ਨੇ। ਤ੍ਰਿਭਵਣ–ਤਿੰਨ ਭਵਨ (ਸਾਰਾ ਬ੍ਰਹਮੰਡ)। ਘਟੁ ਘਟੁ–ਹਰੇਕ ਜੀਵ ਦਾ ਸਰੀਰ। ਥਾਪਿਆ–ਬਣਾਇਆ। ਸੋ–ਉਹ। ਗੁਰਮੁਖਿ–ਗੁਰੂ ਦੁਆਰਾ। ਕਰਣ ਕਾਰਣ–ਸਾਰੇ ਕਰਨਾਂ ਦਾ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਨ। ਸਮਰਥ–ਸਭ ਤਾਕਤਾਂ ਦਾ ਮਾਲਕ। ਅਪਾਰਾ–ਬੇਅੰਤ। ਤ੍ਰਿਬਿਧਿ–ਤਿੰਨ ਗੁਣਾਂ ਵਾਲੀ ਮਾਇਆ। ਮੇਟਿ ਸਮਾਈ–ਮੇਟ ਕੇ ਪ੍ਰਭੂ

ਵਿਚ ਲੀਨ ਰਹਿੰਦਾ ਹੈ। ਗੁਣਹ-ਗੁਣਾਂ ਵਿਚ। ਸਮਾਣੇ-ਮੁੱਕ ਗਏ। ਗੁਰਮਤਿ-ਗੁਰੂ ਦੀ ਸਿੱਖਿਆ। ੩।

ਆਵਣ ਜਾਣ ਰਹੇ, ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ, ਸਾਚਾ ਚੋਲਾ ਰਾਮ ॥ ਹਉਮੈ ਗੁਰਿ ਖੋਈ ਪਰਗਟੁ ਹੋਈ, ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ, ਆਪੁ ਪਛਾਤਾ ਆਪੈ ॥ ਪੇਈਅੜੈ ਘਰਿ ਸਬਦਿ ਪਤੀਣੀ, ਸਾਹੁਰੜੈ ਪਿਰ ਭਾਣੀ ॥ ਨਾਨਕ ਸਤਿਗੁਰਿ ਮੇਲਿ ਮਿਲਾਈ, ਚੂਕੀ ਕਾਣਿ ਲੋਕਾਣੀ ॥੪॥੩॥ ਹੇ ਭਾਈ! (ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਪ੍ਰਭੂ ਦਾ ਪ੍ਰਕਾਸ਼ ਹੋਇਆ ਹੈ, ਉਨ੍ਹਾਂ ਦਾ) ਜੰਮਣ ਮਰਨ ਦਾ ਗੇੜ ਮੁੱਕ ਗਿਆ ਹੈ ਅਤੇ ਭੁਲੇਖਾ ਵੀ ਦੂਰ ਹੋ ਗਿਆ ਹੈ (ਜੋ ਅਗਿਆਨਤਾ ਕਰਕੇ ਸੀ। ਉਹ) ਹਉਮੈ ਮਾਰ ਕੇ ਪ੍ਰਭੂ ਨੂੰ ਮਿਲ ਗਏ ਹਨ, (ਉਨ੍ਹਾਂ ਦਾ) ਸਰੀਰ ਰੂਪ ਚੋਲਾ ਸੱਚਾ ਹੈ (ਜਨਮ ਸਫਲ ਹੋ ਗਿਆ ਹੈ)। ਗੁਰੂ ਨੇ (ਜਿਸ ਜੀਵ ਇਸਤ੍ਰੀ ਦੀ) ਹਉਮੈ ਦੂਰ ਕਰ ਦਿਤੀ ਹੈ, (ਉਹ ਸੰਸਾਰ ਵਿਚ) ਪ੍ਰਗਟ ਹੋ ਗਈ ਹੈ, (ਉਸ ਦੇ) ਸੋਗ ਤੇ ਸੰਤਾਪ ਵੀ ਦੂਰ ਹੋ ਗਏ ਹਨ। (ਉਸ ਨੇ) ਅਪਣਾ ਆਪਾ ਪਛਾਣ ਲਿਆ ਹੈ ਅਤੇ (ਉਸ ਦੀ) ਆਤਮ ਜੋਤ ਪ੍ਰਭੂ ਦੀ ਜੋਤ ਅੰਦਰ ਮਿਲ ਗਈ ਹੈ। (ਉਹ) ਪੇਕੇ ਘਰ (ਮਾਤ ਲੋਕ) ਵਿਚ ਗੁਰ ਸ਼ਬਦ ਵਿਚ ਪਰਚੀ ਰਹਿੰਦੀ ਹੈ ਅਤੇ ਸਹੇਰੇ ਘਰ (ਪ੍ਰਲੋਕ) ਵਿਚ ਵੀ ਪਤੀ ਪ੍ਰਭੂ ਨੂੰ ਚੰਗੀ ਲੱਗਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਜੀਵ ਇਸਤ੍ਰੀ ਨੂੰ) ਸਤਿਗੁਰੂ ਨੇ ਅਪਣੇ ਨਾਲ ਮਿਲਾ ਕੇ ਪ੍ਰਭੂ ਨਾਲ ਮਿਲਾਇਆ ਹੈ, (ਉਸ ਦੀ) ਲੋਕਾਂ ਦੀ ਗੁਲਾਮੀ ਕਰਨੀ ਦੂਰ ਹੋ ਗਈ ਹੈ। ੩।

ਪਦਾਰਥ = ਆਵਣ ਜਾਣ-ਜਨਮ ਮਰਨ ਦਾ ਗੇੜ। ਰਹੇ-ਮੁੱਕ ਗਿਆ। ਚੂਕਾ-ਦੂਰ ਹੋ ਗਿਆ। ਭੋਲਾ-ਭਰਮ ਭੁਲੇਖਾ। ਮਾਰਿ-ਮਾਰ ਕੇ। ਸਾਚਾ-ਸੱਚਾ; ਸਫਲ। ਚੋਲਾ-ਸਰੀਰ ਰੂਪ ਚੋਲਾ। ਗੁਰਿ-ਗੁਰੂ ਨੇ। ਖੋਈ-ਦੂਰ ਕੀਤੀ ਹੈ। ਚੂਕੇ-ਦੂਰ ਹੋ ਗਏ। ਸੰਤਾਪੈ-ਕਲੇਸ਼। ਜੋਤੀ ਅੰਦਰਿ-ਪ੍ਰਭੂ ਦੀ ਜੋਤ ਅੰਦਰ। ਜੋਤਿ-ਆਤਮ ਜੋਤ। ਸਮਾਣੀ-ਮਿਲ ਗਈ। ਆਪੁ ਆਪੈ-ਅਪਣਾ ਆਪਾ। ਪਛਾਤਾ-ਪਛਾਣਿਆ ਹੈ। ਪੇਈਅੜੈ ਘਰਿ-ਪੇਕੇ ਘਰ (ਮਾਤ ਲੋਕ) ਵਿਚ। ਸਬਦਿ-ਗੁਰੂ ਦੇ ਸ਼ਬਦ ਵਿਚ। ਪਤੀਣੀ-ਪਰਚੀ ਰਹਿੰਦੀ ਹੈ। ਸਾਹੁਰੜੈ-ਸਹੁਰੇ ਘਰ (ਪ੍ਰਲੋਕ) ਵਿਚ। ਪਿਰ ਭਾਣੀ-ਪਤੀ ਪ੍ਰਭੂ ਨੂੰ ਚੰਗੀ ਲੱਗੀ ਹੈ। ਸਤਿਗੁਰਿ-ਸਤਿਗੁਰੂ ਨੇ। ਮੇਲਿ ਮਿਲਾਈ-ਅਪਣੇ ਨਾਲ ਮਿਲਾ ਕੇ ਪ੍ਰਭੂ ਨਾਲ ਮਿਲਾਈ ਹੈ। ਕਾਣਿ-ਗੁਲਾਮੀ। ਲੋਕਾਣੀ-ਲੋਕਾਂ ਦੀ। ੪। ੩।

ਤੁਖਾਰੀ ਮਹਲਾ ੧ ॥ ਭੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ, ਪਿਰ ਕੀ ਸਾਰ ਨ ਜਾਣੀ ॥ ਪਿਰਿ ਛੋਡੀ ਸੁਤੀ ਅਵਗਣਿ ਮੁਤੀ, ਤਿਸੁ ਧਨ ਵਿਧਣ ਰਾਤੇ ॥ ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ, ਹਉਮੈ ਲਗੀ ਤਾਤੇ ॥ ਉਡਰਿ ਹੰਸੁ ਚਲਿਆ ਫੁਰਮਾਇਆ, ਭਸਮੈ ਭਸਮ ਸਮਾਣੀ ॥ ਨਾਨਕ ਸਚੇ ਨਾਮ ਵਿਹੂਣੀ, ਭੁਲਿ ਭੁਲਿ ਪਛੋਤਾਣੀ ॥੧॥ (ਹੇ ਭਾਈ!) ਭਰਮ ਵਿਚ ਪੈ ਕੇ (ਜੀਵ ਇਸਤ੍ਰੀ ਪ੍ਰਭੂ ਨੂੰ) ਭੁਲੀ ਹੋਈ ਹੈ, (ਪ੍ਰਭੂ ਦਾ ਨਾਮ) ਭੁੱਲ ਕੇ ਬਾਰ ਬਾਰ ਪਛਤਾਉਂਦੀ ਹੈ। ਮੋਹ ਮਾਇਆ ਦੀ ਨੀਂਦ ਵਿਚ ਸੁੱਤੀ ਪਈ ਜੀਵ ਇਸਤ੍ਰੀ ਨੂੰ ਪਤੀ ਪ੍ਰਭੂ ਨੇ ਛਡ ਦਿਤਾ ਹੈ, (ਕਿਉਂਕਿ ਉਸ ਨੇ) ਪਤੀ ਪ੍ਰਭੂ ਦੀ ਕਦਰ ਨਹੀਂ ਜਾਣੀ। (ਜਿਹੜੀ ਜੀਵ ਇਸਤ੍ਰੀ) ਮੋਹ ਮਾਇਆ ਦੀ ਨੀਂਦ ਵਿਚ ਸੁੱਤੀ ਪਈ ਹੈ (ਉਹ) ਔਗਣਾਂ ਦੇ ਕਾਰਨ ਪਤੀ ਪ੍ਰਭੂ ਨੇ ਛਡ ਦਿਤੀ ਹੈ, ਉਸ ਦੀ ਉਮਰ ਰੂਪ ਰਾਤ ਦੁਖਦਾਈ ਹੋ ਕੇ ਬੀਤਦੀ ਹੈ। (ਉਹ) ਕਾਮ, ਕ੍ਰੋਧ ਤੇ ਹੰਕਾਰ ਵਿਚ ਖੁਆਰ ਹੋਈ ਹੈ, (ਉਸ ਨੂੰ) ਹਉਮੈ ਤੇ ਈਰਖਾ ਲੱਗੀ ਹੋਈ ਹੈ। (ਉਸ ਨੂੰ ਪਤਾ ਨਹੀਂ ਕਿ ਜਦੋਂ) ਪ੍ਰਭੂ ਦੇ ਹੁਕਮ ਨਾਲ ਜੀਵਾਤਮਾ ਉਡਾਰੀ ਮਾਰ ਕੇ ਚੱਲ ਪਿਆ, ਤਾਂ ਮਿੱਟੀ ਦਾ ਸਰੀਰ ਮਿੱਟੀ ਵਿਚ ਮਿਲ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾ ਜੀਵ ਇਸਤ੍ਰੀ ਭੁੱਲ ਭੁੱਲ (ਗੁਮਰਾਹ ਹੋ ਕੇ ਜੀਵਨ ਵਿਚ) ਪਛਤਾਉਂਦੀ ਹੈ। ੧।

ਪਦਾਰਥ = ਭੋਲਾਵੜੈ-ਭਰਮ ਭੁਲੇਖੇ ਵਿਚ। ਭੁਲੀ-ਭੁੱਲੀ (ਕੁਰਾਹੇ ਪਈ) ਹੋਈ ਹੈ। ਪਛੋਤਾਣੀ-ਪਛਤਾਉਂਦੀ ਹੈ। ਪਿਰਿ-ਪਤੀ ਪ੍ਰਭੂ ਨੇ। ਛੋਡਿਅੜੀ-ਛਡ ਦਿਤੀ ਹੈ। ਸੁਤੀ-ਮੋਹ ਮਾਇਆ ਦੀ ਨੀਂਦ ਵਿਚ ਸੁੱਤੀ ਹੋਈ। ਸਾਰ-ਕਦਰ। ਅਵਗਣਿ-ਔਗਣਾਂ ਦੇ ਕਾਰਨ। ਮੁਤੀ-ਛਡ ਦਿਤੀ ਹੈ। ਤਿਸੁ ਧਨ-ਉਸ ਜੀਵ ਇਸਤ੍ਰੀ ਦੀ। ਵਿਧਣ-ਦੁਖਦਾਈ। ਰਾਤੇ-ਉਮਰ ਰੂਪ ਰਾਤ। ਕਾਮਿ-ਕਾਮ ਵਿਚ। ਕ੍ਰੋਧਿ-ਕ੍ਰੋਧ ਵਿਚ। ਵਿਗੁਤੀ-ਖੁਆਰ ਹੋਈ ਹੈ। ਤਾਤੇ-ਈਰਖਾ। ਉਡਰਿ-ਉਡਾਰੀ ਮਾਰ ਕੇ। ਹੰਸੁ-ਜੀਵਾਤਮਾ। ਫੁਰਮਾਇਆ-ਹੁਕਮ ਨਾਲ। ਭਸਮੈ-ਮਿੱਟੀ ਵਿਚ। ਭਸਮ-ਸਰੀਰ ਰੂਪ ਮਿੱਟੀ। ਸਮਾਣੀ-ਮਿਲ ਜਾਂਦਾ ਹੈ। ਸਚੇ ਨਾਮ ਵਿਹੂਣੀ-ਪ੍ਰਭੂ ਦੇ ਨਾਮ ਤੋਂ ਬਿਨਾ। ੧।

ਸੁਣਿ ਨਾਹ ਪਿਆਰੇ, ਇਕ ਬੇਨੰਤੀ ਮੇਰੀ ॥ ਤੂ ਨਿਜ ਘਰਿ ਵਸਿਅੜਾ, ਹਉ ਰੁਲਿ ਭਸਮੈ ਢੇਰੀ ॥ ਬਿਨੁ ਅਪਨੇ ਨਾਹੈ ਕੋਇ ਨ

ਚਾਹੈ, ਕਿਆ ਕਹੀਐ ਕਿਆ ਕੀਜੈ ॥ ਅੰਮ੍ਰਿਤ ਨਾਮੁ ਰਸਨ ਰਸੁ ਰਸਨਾ, ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ, ਆਵੈ ਜਾਇ ਘਨੇਰੀ ॥ ਨਾਨਕ ਲਾਹਾ ਲੈ ਘਰਿ ਜਾਈਐ, ਸਾਚੀ ਸਚੁ ਮਤਿ ਤੇਰੀ ॥੨॥ ਹੇ ਪਿਆਰੇ ਪਤੀ ਪ੍ਰਭੂ! ਤੂੰ ਮੇਰੀ ਇਕ ਬੇਨਤੀ ਸੁਣ। ਤੂੰ ਅਪਣੇ ਨਿਜ ਘਰ ਵਿਚ ਵਸਦਾ ਹੈਂ, (ਪਰ ਤੈਥੋਂ ਵਿਛੜ ਕੇ) ਮੈਂ ਰੁਲ ਕੇ ਭਸਮ ਦੀ ਢੇਰੀ ਹੋ (ਬਿਅਰਥ ਮਰ) ਜਾਵਾਂਗੀ। ਅਪਣੇ ਪਤੀ ਪ੍ਰਭੂ ਤੋਂ ਬਿਨਾ ਮੈਨੂੰ ਹੋਰ ਕੋਈ ਚਾਹੁੰਦਾ ਨਹੀਂ, (ਇਸ ਲਈ) ਕਿਆ ਕਹੀਏ ਤੇ (ਤੈਨੂੰ ਮਿਲਣ ਲਈ) ਕੀ ਉਪਾਉ ਕਰੀਏ? (ਹੇ ਭਾਈ!) ਅੰਮ੍ਰਿਤ ਨਾਮ, ਜੋ ਰਸਾਂ ਦਾ ਮਹਾਨ ਰਸ ਹੈ, (ਉਹ) ਗੁਰੂ ਦੇ ਸ਼ਬਦ ਦੁਆਰਾ ਰਸਨਾ ਨਾਲ ਪੀਂਦੇ ਰਹਿਣਾ ਚਾਹੀਦਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾ (ਇਸ ਲੋਕ ਵਿਚ) ਕੋਈ ਸੰਗੀ ਤੇ (ਪ੍ਰਲੋਕ ਵਿਚ ਵੀ) ਕੋਈ ਸਾਥੀ ਨਹੀਂ ਹੈ, ਬਹੁਤ ਦੁਨੀਆਂ (ਨਾਮ ਤੋਂ ਬਿਨਾ) ਜੰਮਦੀ ਮਰਦੀ ਰਹਿੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਦਾ ਲਾਹਾ ਲੈ ਕੇ ਪ੍ਰਭੂ ਦੇ ਘਰ ਵਿਚ ਜਾ ਸਕੀਦਾ ਹੈ, ਤੇਰੀ ਸੱਚੀ ਮੱਤ ਰਾਹੀਂ ਹੀ ਸੱਚ ਸਰੂਪ ਪ੍ਰਭੂ ਪ੍ਰਾਪਤ ਕਰ ਸਕੀਦਾ ਹੈ।੨।

ਪਦਾਰਥ = ਨਾਹ–ਹੇ ਪਤੀ ਪ੍ਰਭੂ!। ਨਿਜ ਘਰਿ–ਅਪਣੇ ਘਰ ਵਿਚ। ਵਸਿਅੜਾ–ਵਸਦਾ ਹੈਂ। ਹਉ–ਮੈਂ। ਰੁਲਿ–ਰੁਲ (ਖੁਆਰ ਹੋ) ਕੇ। ਭਸਮੈ–ਸੁਆਹ ਦੀ। ਬਿਨੁ ਨਾਹੈ–ਪਤੀ ਪ੍ਰਭੂ ਤੋਂ ਬਿਨਾ। ਨ ਚਾਹੈ–ਨਹੀਂ ਚਾਹੁੰਦਾ (ਪਸੰਦ ਨਹੀਂ ਕਰਦਾ)। ਕਿਆ ਕੀਜੈ–ਕੀ ਕਰੀਏ? ਰਸਨ ਰਸੁ–ਸਾਰੇ ਰਸਾਂ ਦਾ ਮਹਾਨ ਰਸ। ਸਬਦੀ–ਸ਼ਬਦ ਦੁਆਰਾ। ਪੀਜੈ–ਪੀਣਾ ਚਾਹੀਦਾ ਹੈ। ਕੋ–ਕੋਈ। ਸੰਗਿ–(ਇਸ ਲੋਕ ਦਾ) ਸੰਗੀ। ਸਾਥੀ–(ਪ੍ਰਲੋਕ ਦਾ) ਸਾਥੀ। ਆਵੈ ਜਾਇ–ਜੰਮਦੀ ਮਰਦੀ ਹੈ। ਘਨੇਰੀ–ਬਹੁਤ ਦੁਨੀਆਂ। ਲਾਹਾ–ਲਾਭ। ਘਰਿ–ਪ੍ਰਭੂ ਦੇ ਘਰ (ਚਰਨਾ) ਵਿਚ। ਸਾਚੀ ਮਤਿ–ਸੱਚੀ ਅਕਲ। ਸਚੁ–ਸੱਚ ਸਰੂਪ ਪ੍ਰਭੂ।੨।

ਸਾਜਨ ਦੇਸਿ ਵਿਦੇਸੀਅੜੇ, ਸਾਨੇਹੜੇ ਦੇਦੀ ॥ ਸਾਰਿ ਸਮਾਲੇ ਤਿਨ ਸਜਣਾ, ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ, ਕਿਉ ਪ੍ਰਭ ਮਿਲਾ ਪਿਆਰੇ ॥ ਮਾਰਗੁ ਪੰਥੁ ਨ ਜਾਣਉ ਬਿਖੜਾ, ਕਿਉ ਪਾਈਐ ਪਿਰੁ ਪਾਰੇ ॥ ਸਤਿਗੁਰ ਸਬਦੀ ਮਿਲੈ ਵਿਛੁੰਨੀ, ਤਨੁ ਮਨੁ ਆਗੈ ਰਾਖੈ ॥ ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ, ਮਿਲਿ ਪ੍ਰੀਤਮ ਰਸੁ ਚਾਖੈ ॥੩॥ ਸੱਜਣ ਪ੍ਰਭੂ ਜੀਵ ਇਸਤ੍ਰੀ ਦੇ ਅਪਣੇ ਹਿਰਦੇ ਦੇਸ਼ ਵਿਚ ਹੀ ਵਸਦਾ ਹੈ, (ਪਰ ਉਹ ਭੁਲੇਖੇ ਵਿਚ ਉਸ ਨੂੰ) ਵਿਦੇਸ਼ ਗਿਆ ਜਾਣ ਕੇ ਸੁਨੇਹੇ ਦੇਂਦੀ (ਭੇਜਦੀ) ਹੈ (ਹਿਰਦੇ ਵਿਚ ਪ੍ਰਤੱਖ ਨਹੀਂ ਦਿਸਦਾ ਹੈ, ਦੇਖਣ ਵਾਸਤੇ ਬੇਨਤੀ ਕਰਦੀ ਹੈ)। ਉਨ੍ਹਾਂ ਸੱਜਣਾਂ (ਪ੍ਰਭੂ ਜੀ) ਨੂੰ ਵਾਰ ਵਾਰ ਯਾਦ ਕਰਦੀ ਹੈ ਅਤੇ ਜੀਵ ਇਸਤ੍ਰੀ ਅੱਖਾਂ ਵਿਚ ਹੰਝੂ ਭਰਦੀ ਹੈ। ਜੀਵ ਇਸਤ੍ਰੀ ਹੰਝੂਆਂ ਨਾਲ ਅੱਖਾਂ ਭਰਦੀ ਹੈ, (ਉਸ ਦੇ) ਗੁਣ ਯਾਦ ਕਰਦੀ ਹੈ ਅਤੇ (ਤਰਲੇ ਕਰਦੀ ਹੈ ਕਿ) ਕਿਵੇਂ ਪਿਆਰੇ ਪ੍ਰਭੂ ਨੂੰ ਮਿਲਾਂ? (ਉਹ ਆਖਦੀ ਹੈ ਕਿ ਜਿਸ ਦੇਸ਼ ਵਿਚ ਪਤੀ ਪ੍ਰਭੂ ਵਸਦਾ ਹੈ, ਉਥੇ ਪਹੁੰਚਣ ਦਾ) ਰਸਤਾ ਮੈਂ ਨਹੀਂ ਜਾਣਦੀ, (ਕਿਉਂਕਿ ਉਹ) ਰਸਤਾ ਕਠਨ ਹੈ, ਪਤੀ ਪ੍ਰਭੂ ਨੂੰ ਕਿਵੇਂ ਪ੍ਰਾਪਤ ਕਰਾਂ? (ਜੋ ਸੰਸਾਰ ਸਮੁੰਦਰ ਤੋਂ) ਪਾਰਲੇ ਪਾਸੇ ਵਸਦਾ ਹੈ (ਇਹ ਉਸ ਜੀਵ ਇਸਤ੍ਰੀ ਦਾ ਅਪਣਾ ਖਿਆਲ ਹੈ। ਹੇ ਭਾਈ!) ਵਿਛੜੀ ਹੋਈ ਜੀਵ ਇਸਤ੍ਰੀ ਸਤਿਗੁਰੂ ਦੇ ਸ਼ਬਦ ਦੁਆਰਾ (ਪਤੀ ਪ੍ਰਭੂ ਨੂੰ) ਮਿਲ ਸਕਦੀ ਹੈ, (ਜੇ ਉਹ) ਪਤੀ ਪ੍ਰਭੂ ਅੱਗੇ ਅਪਣਾ ਤਨ ਤੇ ਮਨ ਰੱਖ ਦੇਵੇ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਅੰਮ੍ਰਿਤ ਦਾ ਬ੍ਰਿਛ ਮਹਾਨ ਰਸ ਨਾਲ ਫਲਿਆ ਹੋਇਆ ਹੈ, (ਜੀਵ ਇਸਤ੍ਰੀ ਨਾਮ ਸਿਮਰਨ ਦੁਆਰਾ) ਪ੍ਰਭੂ ਪ੍ਰੀਤਮ ਨੂੰ ਮਿਲ ਕੇ (ਉਹ ਮਹਾਨ) ਰਸ ਚੱਖ ਸਕਦੀ ਹੈ।੩।

ਪਦਾਰਥ = ਸਾਜਨ–ਸੱਜਣ ਪ੍ਰਭੂ। ਦੇਸਿ–ਹਿਰਦੇ ਰੂਪ ਦੇਸ਼ ਵਿਚ। ਵਿਦੇਸਿ–ਵਿਦੇਸ਼ ਵਿਚ ਵਸਣ ਵਾਲਾ। ਸਾਨੇਹੜੇ–ਸੁਨੇਹੇ। ਸਾਰਿ ਸਮਾਲੇ–ਵਾਰ ਵਾਰ ਯਾਦ ਕਰਦੀ ਹੈ। ਤਿਨ ਸਜਣਾ–ਉਨ੍ਹਾਂ ਸਜਣਾਂ (ਪ੍ਰਭੂ ਜੀ) ਨੂੰ। ਮੁੰਧ–ਅੰਞਾਣ ਜੀਵ ਇਸਤ੍ਰੀ। ਨੈਣ ਭਰੇਦੀ–ਹੰਝੂਆਂ ਨਾਲ ਅੱਖਾਂ ਭਰਦੀ (ਰੋਂਦੀ) ਹੈ। ਸਾਰੇਦੀ–ਯਾਦ ਕਰਦੀ ਹੈ। ਮਾਰਗੁ ਪੰਥੁ–ਰਸਤਾ। ਨ ਜਾਣਉ–ਮੈਂ ਨਹੀਂ ਜਾਣਦੀ। ਬਿਖੜਾ–ਕਠਨ। ਪਾਰੇ–ਪਾਰਲੇ ਪਾਸੇ। ਸਬਦੀ–ਸ਼ਬਦ ਦੁਆਰਾ। ਵਿਛੁੰਨੀ–ਵਿਛੜੀ ਜੀਵ ਇਸਤ੍ਰੀ। ਤਨੁ–ਸਰੀਰ। ਆਗੈ ਰਾਖੈ–ਅੱਗੇ ਰੱਖ ਦੇਵੇ। ਬਿਰਖੁ–ਦਰੱਖਤ। ਫਲਿਆ–ਫਲਾਂ ਨਾਲ ਭਰਪੂਰ ਹੈ। ਪ੍ਰੀਤਮ–ਪਿਆਰਾ ਪ੍ਰਭੂ। ਰਸੁ–ਸੁਆਦ। ਚਾਖੈ–ਖਾ (ਮਾਣ) ਸਕਦੀ ਹੈ।੩।

ਅੰਗ ੧੧੧੨ = ਮਹਲਿ ਬੁਲਾਇੜੀਏ, ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ, ਸਹਜਿ ਮਿਲੀਜੈ ॥ ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ, ਗਰਬੁ ਨਿਵਾਰਿ ਸਮਾਣੀ ॥ ਸਾਚੈ ਰਾਤੀ ਮਿਲੈ ਮਿਲਾਈ, ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ, ਮਟੁਕੀ ਫੋੜਿ ਨਿਰਾਰੀ ॥ ਨਾਨਕ ਆਪੈ ਆਪੁ ਪਛਾਣੈ, ਗੁਰਮੁਖਿ ਤਤੁ ਬੀਚਾਰੀ ॥੪॥੪॥ ਹੇ ਹਰੀ ਦੇ ਮਹਿਲ ਵਿਚ ਬੁਲਾਈ ਹੋਈ

ਜੀਵ ਇਸਤ੍ਰੀਏ! (ਮਿਲਣ ਵਿਚ) ਦੇਰ ਨ ਕਰ। ਹੇ ਹਰ ਰੋਜ ਹਰੀ ਦੇ ਪ੍ਰੇਮ ਰੰਗ ਵਿਚ ਰਹਿਣ ਵਾਲੀਏ! ਸਹਿਜ ਅਵਸਥਾ ਵਿਚ ਹੋ ਕੇ ਮਿਲ (ਸਹਿਜ ਅਵਸਥਾ ਵਿਚ ਪਹੁੰਚ ਕੇ ਹਰੀ ਨੂੰ ਮਿਲਣਾ ਅਸਾਨ ਹੁੰਦਾ ਹੈ)। ਸਹਿਜ ਅਵਸਥਾ ਦੇ ਸੁਖ ਵਿਚ ਹੋ ਕੇ ਪ੍ਰਭੂ ਨੂੰ ਮਿਲ, ਰੋਸ ਨ ਕਰ (ਕਿ ਮੇਰੇ ਰਸਤੇ ਵਿਚ ਇਹ ਔਕੜ ਹੈ, ਜਿਹੜੀ ਜੀਵ ਇਸਤ੍ਰੀ ਪ੍ਰਭੂ ਪਤੀ ਨੂੰ ਮਿਲਦੀ, ਉਹ) ਹੰਕਾਰ ਦੂਰ ਕਰਕੇ ਪ੍ਰਭੂ ਵਿਚ ਲੀਨ ਹੁੰਦੀ ਹੈ। (ਜਿਹੜੀ ਜੀਵ ਇਸਤ੍ਰੀ) ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀ ਹੋਈ ਹੁੰਦੀ ਹੈ, ਉਹ ਗੁਰੂ ਦੀ ਮਿਲਾਈ ਪ੍ਰਭੂ ਨੂੰ ਮਿਲਦੀ ਹੈ, (ਪਰ ਗੁਰੂ ਤੋਂ) ਮਨਮੁਖ ਹੋਈ ਜੀਵ ਇਸਤ੍ਰੀ ਜਨਮ ਮਰਨ ਦੇ ਗੇੜ ਵਿਚ ਭਟਕਦੀ ਰਹਿੰਦੀ ਹੈ। ਜਦੋਂ ਜੀਵ ਇਸਤ੍ਰੀ ਪਤੀ ਪ੍ਰਭੂ ਨੂੰ ਮਿਲਣ ਲਈ ਨੱਚਣ ਲਗ ਪਈ, ਤਦ (ਉਸ ਦੇ ਲਈ) ਘੁੰਡ (ਲੁਕਾਉ) ਕਾਹਦਾ? ਉਹ ਲੋਕ ਲਾਜ ਦੀ ਮਟਕੀ ਭੰਨ ਕੇ ਸੰਸਾਰਕ ਵਿਹਾਰਾਂ ਤੋਂ ਅਲੱਗ ਹੋ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਵਿਚ ਰੰਗੀ ਹੋਈ ਜੀਵ ਇਸਤ੍ਰੀ ਅਪਣੇ ਆਪ ਨੂੰ ਪਛਾਣਦੀ ਹੈ, (ਕਿਉਂਕਿ ਉਹ) ਗੁਰੂ ਦੁਆਰਾ ਅਸਲੀਅਤ ਨੂੰ ਵਿਚਾਰਨ ਵਾਲੀ ਹੈ।੪।੪।

ਪਦਾਰਥ = ਮਹਲਿ–ਮਹਿਲ ਵਿਚ। ਬੁਲਾਇੜੀਏ–ਬੁਲਾਈ ਹੋਈਏ!। ਬਿਲਮੁ–ਦੇਰ; ਢਿੱਲ। ਨ ਕੀਜੈ–ਨਾ ਕਰ। ਅਨਦਿਨੁ–ਹਰ ਰੋਜ। ਰਤੜੀਏ–ਰੰਗੀ ਹੋਈਏ!। ਸਹਜਿ–ਸਹਿਜ ਅਵਸਥਾ ਵਿਚ ਹੋ ਕੇ। ਮਿਲੀਜੈ–ਮਿਲ ਪਉ। ਸੁਖਿ ਸਹਜਿ–ਸਹਿਜ ਅਵਸਥਾ ਦੇ ਸੁਖ ਵਿਚ ਹੋ ਕੇ। ਰੋਸੁ–ਗਿਲਾ। ਗਰਬੁ–ਹੰਕਾਰ। ਨਿਵਾਰਿ–ਦੂਰ ਕਰਕੇ। ਸਾਚੈ–ਸੱਚੇ ਪ੍ਰਭੂ ਵਿਚ। ਰਾਤੀ–ਪ੍ਰੇਮ ਰੰਗ ਵਿਚ ਰੰਗੀ ਹੋਈ। ਮਿਲੈ ਮਿਲਾਈ–(ਗੁਰੂ ਦੀ) ਮਿਲਾਈ ਮਿਲਦੀ ਹੈ। ਮਨਮੁਖਿ–ਗੁਰੂ ਤੋਂ ਬੇਮੁਖ ਹੋਈ ਜੀਵ ਇਸਤ੍ਰੀ। ਆਵਣ ਜਾਣੀ–ਜਨਮ ਮਰਨ ਦੇ ਗੇੜ ਵਿਚ। ਜਬ–ਜਦੋਂ। ਨਾਚੀ–ਨੱਚਣ ਲੱਗ ਪਈ। ਤਬ–ਤਦੋਂ। ਘੂਘਟ–ਘੁੰਡ। ਮਟੁਕੀ ਫੋਰਿ–(ਲੋਕ ਲਾਜ ਦੀ) ਮਟਕੀ ਭੰਨ੍ਹ ਕੇ। ਨਿਰਾਰੀ–ਨਿਰਲੇਪ; ਵੱਖਰੀ। ਆਪੈ ਆਪੁ–ਅਪਣੇ ਆਪ ਨੂੰ। ਤਤੁ–ਅਸਲੀਅਤ। ਗੁਰਮੁਖਿ–ਗੁਰੂ ਦੁਆਰਾ।੪।੪।

ਤੁਖਾਰੀ ਮਹਲਾ ੧ ॥ ਮੇਰੇ ਲਾਲ ਰੰਗੀਲੇ, ਹਮ ਲਾਲਨ ਕੇ ਲਾਲੇ ॥ ਗੁਰਿ ਅਲਖੁ ਲਖਾਇਆ, ਅਵਰੁ ਨ ਦੂਜਾ ਭਾਲੇ ॥ ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ, ਜਾ ਪ੍ਰਭਿ ਕਿਰਪਾ ਧਾਰੀ ॥ ਜਗਜੀਵਨੁ ਦਾਤਾ ਪੁਰਖੁ ਬਿਧਾਤਾ, ਸਹਜਿ ਮਿਲੇ ਬਨਵਾਰੀ ॥ ਨਦਰਿ ਕਰਹਿ ਤੂ ਤਾਰਹਿ ਤਰੀਐ, ਸਚੁ ਦੇਵਹੁ ਦੀਨ ਦਇਆਲਾ ॥ ਪ੍ਰਣਵਤਿ ਨਾਨਕ ਦਾਸਨਿ ਦਾਸਾ, ਤੂ ਸਰਬ ਜੀਆ ਪ੍ਰਤਿਪਾਲਾ ॥੧॥ ਮੇਰੇ ਪਿਆਰੇ ਪ੍ਰਭੂ ਜੀ ਰੰਗੀਲੇ (ਪਿਆਰ ਦੇ ਕੌਤਕ ਕਰਨ ਵਾਲੇ) ਹਨ, ਅਸੀਂ ਪਿਆਰੇ ਪ੍ਰਭੂ ਦੇ ਸੇਵਕ ਹਾਂ; ਹੇ ਮੇਰੇ ਪਿਆਰੇ ਰੰਗੀਲੇ ਪ੍ਰਭੂ! ਅਸੀਂ ਤੇਰੇ ਦਾਸਾਂ ਦੇ ਦਾਸ ਹਾਂ। ਗੁਰੂ ਨੇ (ਜਿਸ ਮਨੁੱਖ ਨੂੰ) ਅਲੱਖ ਪ੍ਰਭੂ ਜਣਾ ਦਿਤਾ ਹੈ, (ਉਹ ਫਿਰ ਕਿਸੇ) ਹੋਰ ਦੂਜੇ ਦਾ ਆਸਰਾ ਨਹੀਂ ਭਾਲਦਾ। ਜਦੋਂ (ਸੇਵਕ) ਉਸ ਪ੍ਰਭੂ ਨੂੰ ਚੰਗਾ ਲੱਗਾ ਅਤੇ ਜਦੋਂ ਪ੍ਰਭੂ ਨੇ (ਸੇਵਕ ਦੇ ਗੁਣ ਦੇਖ ਕੇ) ਕ੍ਰਿਪਾ ਕੀਤੀ, ਤਾਂ (ਉਦੋਂ) ਗੁਰੂ ਨੇ ਅਲੱਖ ਪ੍ਰਭੂ ਜਣਾ ਦਿਤਾ ਹੈ। ਸਰਬ ਵਿਆਪਕ ਪ੍ਰਭੂ ਜਗਤ ਨੂੰ ਜੀਵਨ ਦੇਣ ਵਾਲਾ ਦਾਤਾ ਹੈ, ਜਗਤ ਦਾ ਰਚਨਹਾਰ ਹੈ, ਪ੍ਰਭੂ ਸਹਿਜ ਅਵਸਥਾ ਵਿਚ ਪਹੁੰਚੇ ਮਨੁੱਖ ਨੂੰ ਮਿਲਦਾ ਹੈ। ਹੇ ਪ੍ਰਭੂ! ਜੇ ਤੂੰ ਮੇਹਰ ਦੀ ਨਜਰ ਕਰੇਂ, ਸੰਸਾਰ ਸਮੁੰਦਰ ਤੋਂ ਤਾਰ ਦੇਵੇਂ, ਤਾਂ ਅਸੀਂ ਜੀਵ ਤਰ ਸਕਦੇ ਹਾਂ, ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! (ਕ੍ਰਿਪਾ ਕਰਕੇ ਸਾਨੂੰ) ਸੱਚਾ ਨਾਮ ਦੇਵੋ (ਤਾਂ ਕਿ ਅਸੀਂ ਸੰਸਾਰ ਸਾਗਰ ਨੂੰ) ਤਰ ਜਾਈਏ। ਨਾਨਕ ਗੁਰੂ ਜੀ ਬੇਨਤੀ ਪੂਰਬਕ ਆਖਦੇ ਹਨ ਕਿ ਹੇ ਪ੍ਰਭੂ! ਮੈਂ ਤੇਰੇ ਦਾਸਾਂ ਦਾ ਦਾਸ ਹਾਂ, ਤੂੰ ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ।੧।

ਪਦਾਰਥ = ਲਾਲ–ਪਿਆਰਾ ਪ੍ਰਭੂ। ਰੰਗੀਲੇ–ਕੌਤਕ ਕਰਨ ਵਾਲਾ। ਹਮ–ਅਸੀਂ। ਲਾਲਨ ਕੇ ਲਾਲੇ–ਪਿਆਰੇ ਪ੍ਰਭੂ ਦੇ ਗੁਲਾਮ; ਦਾਸਾਂ ਦੇ ਦਾਸ (ਸੰ. ਸ.; ਫ.ਸ.; ਬਾ.ਪ੍ਰ.)। ਗੁਰਿ–ਗੁਰੂ ਨੇ। ਅਲਖ (ਅਲੱਖ ਪੜ੍ਹੋ)–ਜਿਸ ਦਾ ਸਹੀ ਸਰੂਪ ਜਾਣਿਆ ਨਾ ਜਾ ਸਕੇ। ਅਵਰੁ–ਹੋਰ। ਨ ਭਾਲੇ–ਨਹੀਂ ਭਾਲਦਾ। ਲਖਾਇਆ–ਗਿਆਨ ਬਖਸ਼ ਦਿਤਾ। ਜਾ–ਜਦੋਂ। ਤਿਸੁ ਭਾਇਆ–ਉਸ (ਪ੍ਰਭੂ) ਨੂੰ ਚੰਗਾ ਲੱਗਾ। ਪ੍ਰਭਿ–ਪ੍ਰਭੂ ਨੇ। ਧਾਰੀ–ਕੀਤੀ। ਜਗਜੀਵਨੁ–ਜਗਤ ਦਾ ਜੀਵਨ। ਪੁਰਖੁ–ਸਰਬ ਵਿਆਪਕ ਪ੍ਰਭੂ। ਬਿਧਾਤਾ–ਰਚਨਹਾਰ ਪ੍ਰਭੂ। ਸਹਜਿ–ਸਹਿਜ ਅਵਸਥਾ। ਬਨਵਾਰੀ–ਸਾਰੀ ਬਨਸਪਤੀ ਜਿਸ ਪ੍ਰਭੂ ਦੀ ਮਾਲਾ ਹੈ। ਨਦਰਿ–ਮੇਹਰ ਦੀ ਨਜਰ। ਤਾਰਹਿ–ਤਾਰ ਦੇਂਵੇਂ। ਤਰੀਐ–ਤਰ ਸਕਦੇ ਹਾਂ। ਸਚੁ–ਸੱਚਾ ਨਾਮ। ਦੀਨ ਦਇਆਲਾ–ਹੇ ਦੀਨਾਂ ਉਤੇ ਦਇਆ ਕਰਨ ਵਾਲੇ!। ਪ੍ਰਣਵਤਿ–ਬੇਨਤੀ ਸਹਿਤ ਆਖਦਾ ਹੈ। ਦਾਸਨਿ ਦਾਸਾ–ਦਾਸਾਂ ਦਾ ਦਾਸ। ਸਰਬ ਜੀਆ–ਸਾਰੇ ਜੀਵਾਂ ਦਾ। ਪ੍ਰਤਿਪਾਲਾ–ਪਾਲਣਾ ਕਰਨ ਵਾਲਾ।੧।

ਭਰਿਪੁਰਿ ਧਾਰਿ ਰਹੇ, ਅਤਿ ਪਿਆਰੇ ॥ ਸਬਦੇ ਰਵਿ ਰਹਿਆ, ਗੁਰ ਰੂਪਿ ਮੁਰਾਰੇ ॥ ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ, ਤਾ ਕਾ

ਅੰਤੁ ਨ ਪਾਇਆ ॥ ਰੰਗੀ ਜਿਨਸੀ ਜੰਤ ਉਪਾਏ, ਨਿਤ ਦੇਵੈ ਚੜੈ ਸਵਾਇਆ ॥ ਅਪਰੰਪਰੁ ਆਪੇ ਥਾਪਿ ਉਥਾਪੇ, ਤਿਸੁ ਭਾਵੈ ਸੋ ਹੋਵੈ ॥ ਨਾਨਕ ਹੀਰੈ ਹੀਰਾ ਬੇਧਿਆ, ਗੁਣ ਕੈ ਹਾਰਿ ਪਰੋਵੈ ॥੨॥ ਅਤਿਅੰਤ ਪਿਆਰੇ ਪ੍ਰਭੂ ਜੀ ਜਗਤ ਰਚਨਾ ਵਿਚ ਵਿਆਪਕ ਹੋ ਕੇ (ਜਗਤ ਰਚਨਾ ਨੂੰ) ਸਹਾਰਾ ਦੇ ਰਹੇ ਹਨ; ਭਰਪੂਰ ਹਰੀ ਵਿਚ ਅੱਤ ਪਿਆਰਾ ਗੁਰੂ ਟਿਕਿਆ ਹੈ (ਸ਼ਬਦਾਰਥ)। ਪ੍ਰਮਾਤਮਾ ਗੁਰੂ ਦੇ ਰੂਪ ਵਿਚ ਅਪਣੇ ਸ਼ਬਦ ਦੁਆਰਾ ਸਮਝਾ ਦੇਂਦਾ ਹੈ ਕਿ ਉਹ ਸਭ ਵਿਚ ਵਿਆਪਕ ਹੋ ਰਿਹਾ ਹੈ। ਪ੍ਰਮਾਤਮਾ ਦੇ ਰੂਪ ਗੁਰੂ ਤੋਂ ਪਤਾ ਲਗਦਾ ਹੈ ਕਿ ਪ੍ਰਭੂ ਤਿੰਨਾਂ ਲੋਕਾਂ ਦਾ ਸਹਾਰਾ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। (ਉਸ ਨੇ) ਕਈ ਰੰਗਾਂ ਤੇ ਕਈ ਕਿਸਮਾਂ ਦੇ ਜੀਵ ਜੰਤ ਪੈਦਾ ਕੀਤੇ ਹਨ, (ਜੀਵਾਂ ਨੂੰ ਉਸ ਦਾ ਦਿਤਾ ਦਾਨ) ਨਿੱਤ ਸਵਾਇਆ ਚੜ੍ਹਦਾ ਰਹਿੰਦਾ ਹੈ ਭਾਵ (ਉਹ) ਵੱਧ ਤੋਂ ਵੱਧ ਦਾਨ ਦੇਂਦਾ ਰਹਿੰਦਾ ਹੈ। ਪਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ ਪ੍ਰਭੂ ਆਪ ਹੀ ਸ੍ਰਿਸਟੀ ਬਣਾ ਕੇ ਆਪ ਹੀ ਨਾਸ਼ ਕਰਦਾ ਹੈ, ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹੋ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਪ੍ਰਭੂ ਦੇ) ਗੁਣਾਂ ਦੇ ਹਾਰ ਵਿਚ ਅਪਣੇ ਆਪ ਨੂੰ ਪਰੋ ਲੈਂਦਾ ਹੈ, ਉਹ ਹੀਰੇ ਵਾਂਗ ਸ਼ੁੱਧ ਹੋ ਕੇ ਹੀਰੇ ਪ੍ਰਭੂ ਵਿਚ ਮਿਲ ਜਾਂਦਾ ਹੈ।੨।

ਪਦਾਰਥ = ਭਰਿਪੁਰਿ–ਵਿਆਪਕ ਹੋ ਕੇ। ਧਾਰਿ ਰਹੇ–(ਪ੍ਰਭੂ ਜੀ ਸਾਰੀ ਸ੍ਰਿਸਟੀ ਨੂੰ) ਸਹਾਰਾ ਦੇ ਰਹੇ ਹਨ। ਸਬਦੇ–ਗੁਰੂ ਦੇ ਸ਼ਬਦ ਦੁਆਰਾ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਗੁਰ ਰੂਪਿ–ਗੁਰੂ ਦੇ ਰੂਪ ਵਿਚ। ਮੁਰਾਰੇ–ਪ੍ਰਭੂ। ਤ੍ਰਿਭਵਣ–ਤਿੰਨਾਂ ਭਵਨਾਂ (ਮਾਤ ਲੋਕ, ਪਤਾਲ ਤੇ ਪ੍ਰਲੋਕ) ਨੂੰ। ਧਾਰੇ–ਸਹਾਰਾ ਹੈ। ਤਾ ਕਾ–ਉਸ (ਪ੍ਰਭੂ) ਦਾ। ਰੰਗੀ–ਕਈ ਰੰਗਾਂ ਦੇ। ਜਿਨਸੀ–ਕਈ ਕਿਸਮਾਂ ਦੇ। ਜੰਤ –ਜੀਵ। ਉਪਾਏ–ਪੈਦਾ ਕੀਤੇ। ਨਿਤ–ਹਰ ਰੋਜ; ਸਦਾ। ਚੜੈ ਸਵਾਇਆ–ਵਧਦਾ ਰਹਿੰਦਾ ਹੈ। ਅਪਰੰਪਰੁ–ਪਰੇ ਤੋਂ ਪਰੇ ਪ੍ਰਭੂ। ਥਾਪਿ –ਬਣਾ ਕੇ। ਉਥਾਪੇ–ਨਾਸ਼ ਕਰਦਾ ਹੈ। ਤਿਸੁ ਭਾਵੈ–ਜੋ ਉਸ ਨੂੰ ਚੰਗਾ ਲਗਦਾ ਹੈ। ਸੋ ਹੋਵੈ–ਉਹੀ ਹੁੰਦਾ ਹੈ। ਹੀਰੈ–ਹੀਰਾ ਰੂਪ ਪ੍ਰਭੂ ਵਿਚ। ਹੀਰਾ–ਹੀਰੇ ਵਾਂਗ ਸ਼ੁੱਧ ਮਨ ਵਾਲਾ ਮਨੁੱਖ। ਬੇਧਿਆ–ਮਿਲ ਗਿਆ। ਗੁਣ ਕੈ ਹਾਰਿ–ਗੁਣਾਂ ਦੇ ਹਾਰ ਵਿਚ।੨।

ਗੁਣ ਗੁਣਹਿ ਸਮਾਣੇ, ਮਸਤਕਿ ਨਾਮ ਨੀਸਾਣੋ ॥ ਸਚੁ ਸਾਚਿ ਸਮਾਇਆ, ਚੂਕਾ ਆਵਣ ਜਾਣੋ ॥ ਸਚੁ ਸਾਚਿ ਪਛਾਤਾ ਸਾਚੈ ਰਾਤਾ, ਸਾਚੁ ਮਿਲੈ ਮਨਿ ਭਾਵੈ ॥ ਸਾਚੇ ਊਪਰਿ ਅਵਰੁ ਨ ਦੀਸੈ, ਸਾਚੇ ਸਾਚਿ ਸਮਾਵੈ ॥ ਮੋਹਨਿ ਮੋਹਿ ਲੀਆ ਮਨੁ ਮੇਰਾ, ਬੰਧਨ ਖੋਲਿ ਨਿਰਾਰੇ ॥ ਨਾਨਕ ਜੋਤੀ ਜੋਤਿ ਸਮਾਣੀ, ਜਾ ਮਿਲਿਆ ਅਤਿ ਪਿਆਰੇ ॥੩॥ (ਹੇ ਭਾਈ!) ਜਿਨ੍ਹਾਂ ਪੁਰਖਾਂ ਦੇ ਮੱਥੇ ਉਤੇ ਨਾਮ ਦਾ ਨਿਸ਼ਾਨ ਪਿਆ ਹੈ ਭਾਵ ਮੱਥੇ ਤੇ ਨਾਮ ਸਿਮਰਨ ਦਾ ਲੇਖ ਲਿਖਿਆ ਹੈ, ਉਹ ਗੁਣਵਾਨ ਹੋ ਕੇ ਗੁਣੀ ਪ੍ਰਭੂ ਵਿਚ ਮਿਲ ਜਾਂਦੇ ਹਨ। (ਜੋ ਮਨੁੱਖ ਨਾਮ ਜਪਦਾ ਹੈ, ਉਹ) ਸੱਚਾ ਨਾਮ ਸਿਮਰ ਕੇ ਸੱਚ ਰੂਪ ਪ੍ਰਭੂ ਵਿਚ ਲੀਨ ਹੋਇਆ ਰਹਿੰਦਾ ਹੈ, (ਉਸ ਦਾ) ਜੰਮਣਾ ਮਰਨਾ ਮੁੱਕ ਜਾਂਦਾ ਹੈ। (ਜੋ ਮਨੁੱਖ) ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਹੈ, (ਉਸ ਨੇ) ਸੱਚੇ ਗੁਰੂ ਤੋਂ ਸੱਚੇ ਪ੍ਰਭੂ ਨੂੰ ਪਛਾਣ ਲਿਆ ਹੈ, (ਫਿਰ ਉਹ) ਸੱਚੇ ਨੂੰ ਮਿਲ ਜਾਂਦਾ ਹੈ ਅਤੇ ਸੱਚ ਹੀ (ਉਸ ਦੇ) ਮਨ ਵਿਚ ਚੰਗਾ ਲਗਦਾ ਹੈ। (ਉਸ ਮਨੁੱਖ ਨੂੰ) ਸੱਚੇ ਪ੍ਰਭੂ ਤੋਂ ਉਪਰ ਹੋਰ ਕੋਈ ਨਹੀਂ ਦਿਸਦਾ, (ਉਹ) ਸੱਚੇ ਨਾਮ ਸਿਮਰਨ ਦੁਆਰਾ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ। (ਹੇ ਭਾਈ!) ਮੋਹਨ ਪ੍ਰਭੂ ਨੇ ਮੇਰਾ ਮਨ ਮੋਹ ਲਿਆ ਹੈ, (ਉਸ ਨੇ) ਮੇਰੇ ਬੰਧਨ ਖੋਲ੍ਹ ਕੇ ਮੈਨੂੰ ਅਜਾਦ ਕਰ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਦੋਂ ਮੈਂ ਅਤੀ ਪਿਆਰੇ ਪ੍ਰਭੂ ਨੂੰ ਮਿਲਿਆ, (ਉਦੋਂ) ਮੇਰੀ ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲ ਗਈ।੩।

ਪਦਾਰਥ = ਗੁਣ–ਗੁਣਵਾਨ (ਮਨੁੱਖ)। ਗੁਣਹਿ–ਗੁਣਾਂ ਵਾਲੇ ਪ੍ਰਭੂ ਵਿਚ। ਮਸਤਕਿ–ਮੱਥੇ ਉਤੇ। ਨੀਸਾਣੋ–ਨੀਸ਼ਾਨ; ਲੇਖ। ਚੂਕਾ–ਮੁੱਕ ਗਿਆ। ਆਵਣ ਜਾਣੋ–ਜੰਮਣਾ ਮਰਨਾ। ਸਚੁ–ਸੱਚਾ ਨਾਮ ਜਪ ਕੇ। ਸਾਚਿ–ਸੱਚੇ ਪ੍ਰਭੂ ਵਿਚ। ਸਾਚੈ–ਸੱਚੇ ਪ੍ਰਭੂ ਵਿਚ। ਰਾਤਾ–ਪ੍ਰੇਮ ਰੰਗ ਵਿਚ ਰੰਗਿਆ ਹੈ। ਮਨਿ–ਮਨ ਵਿਚ। ਭਾਵੈ–ਚੰਗਾ ਲਗਦਾ ਹੈ। ਸਾਚੇ ਊਪਰਿ–ਸੱਚੇ ਪ੍ਰਭੂ ਤੋਂ ਉਪਰ (ਵੱਡਾ; ਉਚਾ)। ਅਵਰੁ–ਹੋਰ। ਸਾਚੇ ਸਾਚਿ–ਸੱਚੇ ਨਾਮ ਦੁਆਰਾ ਸੱਚੇ ਪ੍ਰਭੂ ਵਿਚ। ਸਮਾਵੈ–ਮਿਲ ਜਾਂਦਾ ਹੈ। ਮੋਹਨਿ–ਮਨ ਨੂੰ ਮੋਹ ਲੈਣ ਵਾਲੇ ਪ੍ਰਭੂ ਨੇ। ਮੋਹਿ ਲੀਆ–ਮੋਹ ਲਿਆ। ਬੰਧਨ–ਮਾਇਆ ਜਾਂ ਜਨਮ ਮਰਨ ਦੀ ਕੈਦ। ਖੋਲਿ–ਖੋਲ੍ਹ ਕੇ। ਨਿਰਾਰੇ–ਅਜਾਦ ਕਰ ਦਿਤਾ; ਨਿਰਲੇਪ ;ਵੱਖਰਾ। ਜੋਤੀ–ਪ੍ਰਭੂ ਦੀ ਜੋਤ ਵਿਚ। ਜੋਤਿ–ਆਤਮ ਜੋਤ। ਸਮਾਣੀ–ਮਿਲ ਗਈ। ਜਾ–ਜਦੋਂ। ਅਤਿ–ਅਤਿਅੰਤ।੩।

ਸਚ ਘਰੁ ਖੋਜਿ ਲਹੇ, ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ, ਗੁਰਮੁਖਿ ਗਿਆਨੋ ॥ ਦੇਵੈ ਸਚੁ ਦਾਨੋ ਸੋ ਪਰਵਾਨੋ, ਸਦ ਦਾਤਾ ਵਡ ਦਾਣਾ ॥ ਅਮਰ ਅਜੋਨੀ ਅਸਥਿਰੁ ਜਾਪੈ, ਸਾਚਾ ਮਹਲੁ ਚਿਰਾਣਾ ॥ ਦੋਤਿ ਉਚਾਪਤਿ ਲੇਖੁ ਨ ਲਿਖੀਐ, ਪ੍ਰਗਟੀ ਜੋਤਿ

ਮੁਰਾਰੀ ॥ ਨਾਨਕ ਸਾਚਾ ਸਾਚੈ ਰਾਚਾ, ਗੁਰਮੁਖਿ ਤਰੀਐ ਤਾਰੀ ॥੪॥੫॥ ਗੁਰੂ ਦਾ ਸੱਚਾ ਸਥਾਨ (ਸਤਸੰਗ) ਸੱਚਾ ਘਰ ਹੈ, (ਇਸ ਘਰ ਨੂੰ ਕੋਈ ਭਾਗਾਂ ਵਾਲਾ ਮਨੁੱਖ) ਖੋਜ ਕੇ ਲੱਭਦਾ ਹੈ। ਮਨਮੁਖ (ਇਹ ਸੱਚਾ ਘਰ) ਪ੍ਰਾਪਤ ਨਹੀਂ ਕਰ ਸਕਦਾ, ਗੁਰ ਦੁਆਰਾ (ਇਸ ਘਰ ਦਾ) ਗਿਆਨ ਮਿਲਦਾ ਹੈ। (ਜਿਸ ਮਨੁੱਖ ਨੂੰ) ਗੁਰੂ ਸੱਚਾ ਨਾਮ ਦਾਨ ਦੇਂਦਾ ਹੈ, ਉਹ (ਪ੍ਰਲੋਕ ਵਿਚ) ਪ੍ਰਵਾਨ ਹੁੰਦਾ ਹੈ, (ਗੁਰੂ) ਵੱਡਾ ਤੇ ਸਿਆਣਾ ਹੈ ਅਤੇ ਸਦਾ ਦਾਨ ਦੇਣ ਵਾਲਾ ਹੈ। (ਗੁਰੂ ਦੁਆਰਾ) ਜਾਣਿਆ ਜਾਂਦਾ ਹੈ ਕਿ ਪ੍ਰਭੂ ਅਮਰ ਅਜੋਨੀ ਅਸਥਿਰ ਹੈ, (ਜਿਸ ਦਾ) ਮਹਿਲ ਚਿਰਾਂ (ਮੁੱਢ) ਤੋਂ ਸੱਚਾ ਹੈ। (ਜਿਸ ਮਨੁੱਖ ਦੇ ਹਿਰਦੇ ਅੰਦਰ) ਪ੍ਰਭੂ ਦੀ ਜੋਤ ਪ੍ਰਗਟ ਹੋ ਜਾਂਦੀ ਹੈ, (ਉਸ ਦੇ) ਰੋਜ਼ ਦੇ ਕਰਮਾਂ ਦੇ ਕਰਜੇ ਦਾ ਲੇਖਾ ਨਹੀਂ ਲਿਖਿਆ ਜਾਂਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਸੱਚੇ ਪ੍ਰਭੂ ਵਿਚ ਲੀਨ ਹੋ ਕੇ ਸੱਚਾ ਹੋ ਜਾਂਦਾ ਹੈ, (ਹੇ ਭਾਈ! ਇਸ ਤਰ੍ਹਾਂ ਇਹ) ਤਾਰੀ ਗੁਰੂ ਦੁਆਰਾ ਤਰੀ ਜਾਂਦੀ ਹੈ।੪।੫।

ਪਦਾਰਥ = ਸਚੁ ਘਰੁ–ਗੁਰੂ ਦਾ ਸੱਚਾ ਘਰ (ਸਤਸੰਗ)। ਖੋਜਿ ਲਹੇ–ਖੋਜ ਕੇ ਲੱਭ ਲੈਂਦਾ ਹੈ। ਗੁਰ ਥਾਨੋ–ਗੁਰੂ ਦਾ ਸਥਾਨ (ਸਤ ਸੰਗ)। ਮਨਮੁਖਿ–ਮਨਮੱਤ ਧਾਰਨ ਵਾਲਾ ਮਨੁੱਖ। ਗੁਰਮੁਖਿ–ਗੁਰੂ ਦੁਆਰਾ। ਦੇਵੈ–ਦੇਂਦਾ ਹੈ। ਸਚੁ ਦਾਨੋ–ਨਾਮ ਦਾ ਸੱਚਾ ਦਾਨ। ਸੋ–ਉਹ ਮਨੁੱਖ। ਸਦ–ਸਦਾ। ਵਡ ਦਾਨਾ–ਵੱਡਾ ਤੇ ਸਿਆਣਾ। ਅਮਰ–ਕਦੇ ਨਾ ਮਰਨ ਵਾਲਾ। ਅਜੋਨੀ–ਕਿਸੇ ਜੂਨ ਵਿਚ ਨਾ ਪੈਣ ਵਾਲਾ। ਅਸਥਿਰੁ–ਸਦਾ ਕਾਇਮ ਰਹਿਣ ਵਾਲਾ। ਜਾਪੈ–ਜਾਣਿਆ ਜਾਂਦਾ ਹੈ। ਮਹਲੁ ਚਿਰਾਣਾ–ਆਦਿ ਕਾਲ ਦਾ ਟਿਕਾਣਾ। ਦੋਤਿ–ਜੋਤਿ। ਉਚਾਪਤਿ–ਕਰਮਾਂ ਦੇ ਕਰਜੇ ਦਾ। ਮੁਰਾਰੀ–(ਹੰਕਾਰ ਦਾ ਨਾਸ਼ ਕਰਨ ਵਾਲਾ) ਪ੍ਰਭੂ। ਸਾਚਾ–ਸੱਚੇ ਜੀਵਨ ਵਾਲਾ ਮਨੁੱਖ। ਸਾਚੈ ਰਾਚਾ–ਸੱਚੇ ਪ੍ਰਭੂ ਵਿਚ ਲੀਨ ਹੋ ਕੇ। ਤਰੀਐ ਤਾਰੀ–ਤਾਰੀ ਤਰੀ ਜਾਂਦੀ ਹੈ; ਸੰਸਾਰ ਰੂਪ ਨਦੀ ਤੋਂ ਤਰ ਜਾਈਦਾ ਹੈ।੪।੫।

ਤੁਖਾਰੀ ਮਹਲਾ ੧ ॥ ਏ ਮਨ ਮੇਰਿਆ, ਤੂ ਸਮਝੁ ਅਚੇਤ ਇਆਣਿਆ ਰਾਮ ॥ ਏ ਮਨ ਮੇਰਿਆ, ਛਡਿ ਅਵਗਣ ਗੁਣੀ ਸਮਾਣਿਆ ਰਾਮ ॥ ਬਹੁ ਸਾਦ ਲੁਭਾਣੇ ਕਿਰਤ ਕਮਾਣੇ, ਵਿਛੁੜਿਆ ਨਹੀ ਮੇਲਾ ॥ ਕਿਉ ਦੁਤਰੁ ਤਰੀਐ ਜਮ ਡਰਿ ਮਰੀਐ, ਜਮ ਕਾ ਪੰਥੁ ਦੁਹੇਲਾ ॥ ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ, ਅਵਘਟਿ ਰੁਧਾ ਕਿਆ ਕਰੇ ॥ ਬੰਧਨਿ ਬਾਧਿਆ ਇਨ ਬਿਧਿ ਛੂਟੈ, ਗੁਰਮੁਖਿ ਸੇਵੈ ਨਰਹਰੇ ॥੧॥ ਹੇ ਮੇਰੇ ਮੂਰਖ ਤੇ ਅਣਜਾਣ ਮਨ! ਤੂੰ ਸਮਝ ਜਾ। ਹੇ ਮੇਰੇ ਮਨ! ਔਗਣ ਛਡ ਕੇ ਪ੍ਰਭੂ ਦੇ ਗੁਣਾਂ ਵਿਚ ਲੀਨ ਹੋ ਜਾ। ਜੋ ਮਨੁੱਖ ਬਹੁਤੇ ਸੁਆਦਾਂ ਵਿਚ ਲੁਭਾਇਮਾਨ ਹਨ, ਉਹ ਪਿਛਲੇ ਜਨਮਾਂ ਦੀ ਕਿਰਤ ਕਮਾਈ ਅਨੁਸਾਰ ਚਲਦੇ ਹਨ, (ਪ੍ਰਭੂ ਤੋਂ ਉਨ੍ਹਾਂ) ਵਿਛੜਿਆਂ ਨੂੰ (ਪ੍ਰਭੂ ਦਾ) ਮਿਲਾਪ ਪ੍ਰਾਪਤ ਨਹੀਂ ਹੁੰਦਾ। ਹੇ ਮਨ! ਸੰਸਾਰ ਸਮੁੰਦਰ ਤੋਂ ਕਿਵੇਂ ਤਰੀਏ? ਜਿਸ ਨੂੰ ਤਰਨਾ ਔਖਾ ਹੈ, ਜਮਾਂ ਦੇ ਡਰ ਨਾਲ ਮਰਦੇ (ਦੁਖੀ) ਰਹੀਦਾ ਹੈ, ਜਮਾਂ ਵਾਲੇ ਪਾਸੇ ਲੈ ਜਾਣ ਵਾਲਾ ਰਸਤਾ ਬੜਾ ਦੁਖਦਾਈ ਹੈ। (ਜਿਸ ਮਨੁੱਖ ਨੇ) ਸ਼ਾਮ ਵੇਲੇ ਤੇ ਸਵੇਰ ਵੇਲੇ ਮਨ ਵਿਚ ਪ੍ਰਭੂ ਦਾ ਸਿਮਰਨ ਕਰਨਾ ਨਹੀਂ ਜਾਣਿਆ, (ਉਹ ਮਾਇਆ ਮੋਹ ਦੇ) ਔਖੇ ਰਸਤੇ ਵਿਚ ਰੁਕ (ਫਸ) ਜਾਂਦਾ ਹੈ, (ਇਸ ਵਿਚੋਂ ਨਿਕਲਣ ਲਈ ਉਹ) ਕੀ ਕਰੇ? (ਹੇ ਭਾਈ! ਉਹ) ਬੰਧਨਾਂ ਵਿਚ ਬੱਧਾ ਇਸ ਤਰੀਕੇ ਨਾਲ ਛੁਟ ਸਕਦਾ ਹੈ ਕਿ ਉਹ ਗੁਰੂ ਦੀ ਸ਼ਰਨ ਵਿਚ ਪੈ ਕੇ ਪ੍ਰਭੂ ਦਾ ਸਿਮਰਨ ਕਰੇ।੧।

ਪਦਾਰਥ = ਏ ਮਨ–ਹੇ ਮਨ!। ਅਚੇਤ–ਹੇ ਮੂਰਖ!। ਇਆਣਿਆ–ਹੇ ਅਣਜਾਣ ਮਨ!। ਅਵਗਣ–ਔਗਣ। ਗੁਣੀ–ਪ੍ਰਭੂ ਦੇ ਗੁਣਾਂ ਵਿਚ। ਸਮਾਣਿਆ–ਲੀਨ ਹੋ ਜਾ। ਬਹੁ ਸਾਦ–ਬਹੁਤੇ ਸੁਆਦਾਂ ਵਿਚ। ਲੁਭਾਣੇ–ਲੁਭਾਇਮਾਨ (ਫਸੇ ਰਹਿਣ ਵਾਲੇ)। ਕਿਰਤ ਕਮਾਣੇ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ। ਮੇਲਾ–ਮਿਲਾਪ। ਦੁਤਰੁ–ਜਿਸ ਨੂੰ ਤਰਨਾ ਔਖਾ ਹੋਵੇ। ਡਰਿ–ਡਰ ਨਾਲ। ਪੰਥੁ–ਰਸਤਾ। ਦੁਹੇਲਾ–ਦੁਖਦਾਈ। ਮਨਿ–ਮਨ ਵਿਚ। ਰਾਮ–ਪ੍ਰਮਾਤਮਾ। ਨਹੀ ਜਾਤਾ–ਨਹੀਂ ਜਾਣਿਆ। ਸਾਝ–ਸ਼ਾਮ ਵੇਲਾ। ਪ੍ਰਭਾਤਾ–ਸਵੇਰ ਵੇਲਾ। ਅਵਘਟਿ–ਔਖੇ ਰਸਤੇ ਵਿਚ। ਰੁਧਾ–ਰੁਕਿਆ (ਫਸਿਆ) ਹੋਇਆ। ਬੰਧਨਿ–ਬੰਧਨ ਵਿਚ। ਬਾਧਿਆ–ਬੱਧਾ ਹੋਇਆ। ਇਨ ਬਿਧਿ–ਇਸ ਤਰੀਕੇ ਨਾਲ। ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ। ਸੇਵੈ–ਸਿਮਰਨ ਕਰੇ। ਨਰਹਰੇ–ਪ੍ਰਭੂ ਦਾ।੧।

ਏ ਮਨ ਮੇਰਿਆ, ਤੂੰ ਛੋਡਿ ਆਲ ਜੰਜਾਲਾ ਰਾਮ ॥ ਏ ਮਨ ਮੇਰਿਆ, ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥ ਹੇ ਮੇਰੇ ਮਨ! ਤੂੰ ਘਰ ਦੇ ਜੰਜਾਲ ਛਡ ਦੇ। ਹੇ ਮੇਰੇ ਮਨ! ਪ੍ਰਭੂ ਨੂੰ ਸਿਮਰਦਾ ਰਹੁ, ਜੋ ਸਰਬ ਵਿਆਪਕ ਅਤੇ ਨਿਰਲੇਪ ਵੀ ਹੈ।

ਅੰਗ ੧੧੧੩ = ਹਰਿ ਸਿਮਰਿ ਏਕੰਕਾਰੁ ਸਾਚਾ, ਸਭੁ ਜਗਤੁ ਜਿਨਿ ਉਪਾਇਆ ॥ ਪਉਣੁ ਪਾਣੀ ਅਗਨਿ ਬਾਧੇ, ਗੁਰਿ ਖੇਲੁ ਜਗਤਿ ਦਿਖਾਇਆ ॥ ਆਚਾਰਿ ਤੂ ਵੀਚਾਰਿ ਆਪੇ, ਹਰਿ ਨਾਮੁ ਸੰਜਮ ਜਪ ਤਪੋ ॥ ਸਖਾ ਸੈਨੁ ਪਿਆਰੁ ਪ੍ਰੀਤਮੁ ,ਨਾਮੁ ਹਰਿ ਕਾ

ਜਪੁ ਜਪੋ ॥੨॥ (ਹੇ ਮੇਰੇ ਮਨ!) ਸੱਚੇ ਏਕੰਕਾਰ ਨੂੰ ਸਿਮਰ, ਜਿਸ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ।(ਜਿਸ ਪ੍ਰਭੂ ਨੇ) ਪੌਣ, ਪਾਣੀ ਤੇ ਅੱਗ ਆਦਿਕ (ਵਿਰੋਧੀ) ਤੱਤ ਮਰਿਆਦਾ ਵਿਚ ਬੰਨ੍ਹੇ ਹੋਏ ਹਨ, ਗੁਰੂ ਨੇ ਜਗਤ ਵਿਚ ਵਰਤ ਰਿਹਾ ਪ੍ਰਭੂ ਦਾ ਖੇਲ ਦਿਖਾ ਦਿਤਾ ਹੈ।(ਹੇ ਮੇਰੇ ਮਨ! ਜੇ) ਤੂੰ ਪ੍ਰਭੂ ਦੇ ਨਾਮ ਨੂੰ ਜਪ ਤਪ ਤੇ ਸੰਜਮ ਬਣਾ ਲਵੇਂ, ਤਾਂ ਤੂੰ ਅਪਣੇ ਆਪੇ ਦੀ ਵੀਚਾਰ ਕਰਨ ਵਾਲਾ ਤੇ ਅਸਲ ਅਚਾਰ ਵਾਲਾ ਹੈਂ।(ਹੇ ਮੇਰੇ ਮਨ!) ਪ੍ਰਭੂ ਦਾ ਨਾਮ ਹੀ ਤੇਰਾ ਸਾਥੀ ਹੈ ਤੇ ਸਬੰਧੀ ਹੈ, ਪਿਆਰਾ ਪ੍ਰੀਤਮ ਹੈ, (ਇਸ ਲਈ ਤੂੰ) ਹਰੀ ਦੇ ਨਾਮ ਦਾ ਜਪ ਜਪਦਾ ਰਹੁ।੨।

ਪਦਾਰਥ = ਏ ਮਨ–ਹੇ ਮਨ!।ਆਲ ਜੰਜਾਲਾ–ਘਰ ਦੇ ਜੰਜਾਲ।ਸੇਵਹੁ–ਸਿਮਰਦਾ ਰਹੁ।ਪੁਰਖੁ–ਸਰਬ ਵਿਆਪਕ ਪ੍ਰਭੂ।ਨਿਰਾਲਾ–ਨਿਰਲੇਪ।ਏਕੰਕਾਰੁ ਸਾਚਾ–ਇਕ ਸੱਚਾ ਵਾਹਿਗੁਰੂ।ਜਿਨਿ–ਜਿਸ ਨੇ।ਪਉਣੁ–ਹਵਾ।ਬਾਧੇ–ਬੰਨ੍ਹੇ ਹੋਏ ਹਨ।ਗੁਰਿ–ਗੁਰੂ ਨੇ।ਜਗਤਿ –ਜਗਤ ਵਿਚ।ਆਚਾਰਿ–ਮਿਥੀ ਹੋਈ ਧਾਰਮਕ ਮਰਿਆਦਾ ਰੱਖਣਾ ਵਾਲਾ ਮਨੁੱਖ।ਵੀਚਾਰਿ–ਵਿਚਾਰ ਕਰਨ ਵਾਲਾ; ਗਿਆਨਵਾਨ। ਸੰਜਮ–ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕ ਰੱਖਣਾ।ਤਪੋ–ਤਪ।ਸਖਾ–ਸਾਥੀ; ਮਿਤ੍ਰ।ਸੈਨੁ–ਸਬੰਧੀ।ਜਪੋ–ਜਪਦਾ ਰਹੁ।੨।

ਏ ਮਨ ਮੇਰਿਆ, ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ, ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥ ਗੁਣ ਗਾਇ ਰਾਮ ਰਸਾਇ ਰਸੀਅਹਿ, ਗੁਰ ਗਿਆਨ ਅੰਜਨੁ ਸਾਰਹੇ ॥ ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ,ਪੰਚ ਦੂਤ ਸੰਘਾਰਹੇ ॥ ਭੈ ਕਾਟਿ ਨਿਰਭਉ ਤਰਹਿ ਦੁਤਰੁ ,ਗੁਰਿ ਮਿਲਿਐ ਕਾਰਜ ਸਾਰਏ ॥ ਰੂਪੁ ਰੰਗੁ ਪਿਆਰੁ ਹਰਿ ਸਿਉ ,ਹਰਿ ਆਪਿ ਕਿਰਪਾ ਧਾਰਏ ॥੩॥ ਹੇ ਮੇਰੇ ਮਨ! ਤੂੰ (ਨਾਮ ਸਿਮਰਨ ਵਿਚ) ਟਿਕਿਆ ਰਹੁ, (ਫਿਰ ਤੂੰ ਜਮਾਂ ਦੀ) ਮਾਰ ਨਹੀਂ ਖਾਵੇਂਗਾ।ਹੇ ਮੇਰੇ ਮਨ! ਜੇ ਤੂੰ ਹਰੀ ਦੇ ਗੁਣ ਗਾਉਂਦਾ ਰਹੇਂ, ਤਾਂ ਤੂੰ ਸਹਿਜ ਅਵਸਥਾ ਵਿਚ ਸਮਾ ਜਾਵੇਂਗਾ; ਸੌਖੇ ਹੀ ਪ੍ਰਭੂ ਵਿਚ ਲੀਨ ਹੋ ਜਾਵੇਂਗਾ।ਜੇ ਤੂੰ ਪ੍ਰੇਮ ਨਾਲ ਹਰੀ ਦੇ ਗੁਣ ਗਾ ਕੇ ਰਸ ਵਾਲਾ ਹੋ ਜਾਵੇਂ ਅਤੇ ਗੁਰੂ ਦੇ ਗਿਆਨ ਦਾ ਸੁਰਮਾ (ਮਨ ਬੁੱਧੀ ਰੂਪ ਅੱਖਾਂ ਵਿਚ) ਪਾ ਲਵੇਂ।ਹਰੀ ਤਿੰਨਾਂ ਲੋਕਾਂ ਦਾ ਦੀਵਾ ਹੈ, ਗੁਰੂ ਦੇ ਸ਼ਬਦ ਦੁਆਰਾ (ਤੇਰੇ ਹਿਰਦੇ ਅੰਦਰ ਉਸ ਦਾ) ਚਾਨਣ ਹੋ ਜਾਵੇਗਾ ਅਤੇ ਤੂੰ ਪੰਜ ਕਾਮਾਦਿਕ ਦੂਤਾਂ ਨੂੰ ਵੀ ਮਾਰ ਲਵੇਂਗਾ।(ਹੇ ਮੇਰੇ ਮਨ! ਫਿਰ ਤੂੰ) ਸਾਰੇ ਡਰ ਕੱਟ ਕੇ ਨਿਰਭਉ ਹੋ ਜਾਵੇਂਗਾ, ਤੂੰ ਔਖਾ ਤਰੇ ਜਾਣ ਵਾਲੇ ਭਵਜਲ ਨੂੰ ਵੀ ਤਰ ਜਾਵੇਂਗਾ ਅਤੇ ਗੁਰੂ ਦੇ ਮਿਲਣ ਨਾਲ ਤੇਰੇ ਸਾਰੇ ਕਾਰਜ ਪੂਰਾ ਹੋ ਜਾਣਗੇ।(ਜਿਸ ਮਨੁੱਖ ਉਪਰ) ਹਰੀ ਆਪ ਕ੍ਰਿਪਾ ਕਰਦਾ ਹੈ, (ਉਸ ਦਾ) ਹਰੀ ਨਾਲ ਪਿਆਰ ਹੋ ਜਾਂਦਾ ਹੈ, (ਇਸ ਪਿਆਰ ਕਰਕੇ ਉਸ ਦਾ) ਰੂਪ ਤੇ ਰੰਗ ਖਿੜ ਜਾਂਦਾ ਹੈ।੩।

ਪਦਾਰਥ = ਏ ਮਨ–ਹੇ ਮਨ!।ਥਿਰੁ ਰਹੁ–ਟਿਕਿਆ ਰਹੁ।ਚੋਟ ਨ ਖਾਵਹੀ–ਮਾਰ ਨਹੀਂ ਖਾਵੇਂਗਾ।ਸਹਜਿ–ਸਹਿਜ ਅਵਸਥਾ ਵਿਚ; ਸੌਖੇ ਹੀ।ਸਮਾਵਹੀ–ਲੀਨ ਹੋ ਜਾਵੇਂਗਾ।ਗਾਵਹਿ–ਜੇ ਗਾਉਂਦਾ ਰਹੇਂ।ਰਾਮ–ਪ੍ਰਭੂ ਦੇ।ਰਸਾਇ–ਪ੍ਰੇਮ ਨਾਲ; ਅਨੰਦ ਨਾਲ।ਰਸੀਅਹਿ –ਰਸ ਵਾਲਾ ਹੋ ਜਾਵੇਂਗਾ।ਅੰਜਨੁ–ਸੁਰਮਾ।ਸਾਰਹੇ–(ਅੱਖਾਂ ਵਿਚ) ਪਾ ਲਵੇਂ।ਤ੍ਰੈ ਲੋਕ–ਤਿੰਨ ਲੋਕ (ਮਾਤ ਲੋਕ, ਪਤਾਲ ਤੇ ਪ੍ਰਲੋਕ) ।ਦੀਪਕੁ–ਦੀਵਾ।ਸਬਦਿ–ਸ਼ਬਦ ਦੁਆਰਾ।ਪੰਚ ਦੂਤ–ਪੰਜ ਕਾਮਾਦਿਕ ਵੈਰੀ।ਸੰਘਾਰਹੇ–ਤੂੰ ਮਾਰ ਲਵੇਂਗਾ।ਕਾਟਿ–ਕੱਟ ਕੇ।ਤਰਹਿ ਦੁਤਰੁ–ਔਖਾ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਨੂੰ ਤੂੰ ਤਰ ਜਾਵੇਂਗਾ।ਗੁਰਿ–ਗੁਰੂ ਦੇ ਮਿਲਣ ਨਾਲ।ਕਾਰਜ–ਸਾਰਏ–(ਜੀਵਨ ਦੇ) ਸਾਰੇ ਕਾਰਜ ਪੂਰੇ ਹੋ ਜਾਣਗੇ।ਹਰਿ ਸਿਉ–ਪ੍ਰਭੂ ਨਾਲ।ਕਿਰਪਾ ਧਾਰਏ–ਕ੍ਰਿਪਾ ਕਰਦਾ ਹੈ।੩।

ਏ ਮਨ ਮੇਰਿਆ, ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥ ਏ ਮਨ ਮੇਰਿਆ ਤਾ ਛੁਟਸੀ, ਜਾ ਭਰਮੁ ਚੁਕਾਇਸੀ ਰਾਮ ॥ ਧਨੁ ਸੰਚਿ ਹਰਿ ਹਰਿ ਨਾਮ ਵਖਰੁ ,ਗੁਰ ਸਬਦਿ ਭਾਉ ਪਛਾਣਹੇ ॥ ਮੈਲੁ ਪਰਹਰਿ ਸਬਦਿ ਨਿਰਮਲੁ ,ਮਹਲੁ ਘਰੁ ਸਚੁ ਜਾਣਹੇ ॥ ਪਤਿ ਨਾਮੁ ਪਾਵਹਿ ਘਰਿ ਸਿਧਾਵਹਿ, ਝੋਲਿ ਅੰਮ੍ਰਿਤ ਪੀ ਰਸੋ ॥ ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ, ਵਡਭਾਗਿ ਜਪੀਐ ਹਰਿ ਜਸੋ ॥੪॥ ਹੇ ਮੇਰੇ ਮਨ! ਤੂੰ (ਸੰਸਾਰ ਵਿਚ ਜਨਮ ਵੇਲੇ) ਕੀ ਲੈ ਕੇ ਆਇਆ ਸੀ ਅਤੇ (ਮਰਨ ਵੇਲੇ ਅਪਣੇ ਨਾਲ) ਕੀ ਲੈ ਕੇ ਜਾਵੇਂਗਾ? (ਨਾ ਕੁਛ ਲੈ ਕੇ ਆਇਆ ਸੀ, ਨਾ ਹੀ ਕੁਛ ਲੈ ਜਾਵੇਂਗਾ)।ਹੇ ਮੇਰੇ ਮਨ! (ਤੂੰ ਜਨਮ ਮਰਨ ਤੋਂ) ਤਾਂ ਛੁਟ ਸਕੇਂਗਾ, ਜਦੋਂ (ਤੂੰ ਅਪਣਾ) ਭਰਮ ਦੂਰ ਕਰੇਂਗਾ।(ਹੇ ਮੇਰੇ ਮਨ! ਤੂੰ) ਹਰੀ ਦਾ ਨਾਮ ਧਨ ਇਕੱਠਾ ਕਰ ਤੇ ਹਰੀ ਦੇ ਨਾਮ ਦਾ ਸੌਦਾ ਖ਼੍ਰੀਦ ਅਤੇ ਗੁਰੂ ਦੇ ਸ਼ਬਦ ਦੁਆਰਾ (ਇਸ ਸੌਦੇ ਦਾ) ਮੁੱਲ ਪਛਾਣ ਲੈ।ਗੁਰੂ ਦੇ ਸ਼ਬਦ ਰਾਹੀਂ (ਵਿਕਾਰਾਂ ਦੀ) ਮੈਲ ਦੂਰ ਕਰ ਕੇ ਨਿਰਮਲ ਹੋ ਜਾ, (ਫਿਰ ਤੂੰ) ਹਿਰਦਾ ਘਰ, ਜੋ ਪ੍ਰਭੂ ਦਾ ਸੱਚਾ ਮਹਿਲ ਹੈ, (ਉਸ ਨੂੰ) ਜਾਣ ਲਵੇਂਗਾ।(ਹੇ ਮਨ! ਜੇ ਤੂੰ) ਗੁਰੂ

ਤੋਂ ਪ੍ਰਭੂ ਦਾ ਨਾਮ ਪ੍ਰਾਪਤ ਕਰ ਲਵੇਂਗਾ ਤਾਂ ਸਨਮਾਨ ਸਹਿਤ ਪ੍ਰਲੋਕ ਘਰ ਵਿਚ ਜਾਵੇਂਗਾ, (ਇਸ ਲਈ ਤੂੰ ਵਿਸ਼ਿਆਂ ਦਾ) ਬੂਰ ਹਟਾ ਕੇ ਨਾਮ ਦਾ ਅੰਮ੍ਰਿਤ ਰਸ ਪੀਂਦਾ ਰਹੁ।(ਹੇ ਮੇਰੇ ਮਨ!) ਹਰੀ ਦਾ ਨਾਮ ਧਿਆਉਣਾ ਚਾਹੀਦਾ ਹੈ, ਗੁਰੂ ਦੇ ਸ਼ਬਦ ਦੁਆਰਾ ਇਹ ਰਸ ਪਾਇਆ ਜਾਂਦਾ ਹੈ ਅਤੇ ਵੱਡੇ ਭਾਗਾਂ ਨਾਲ ਹਰੀ ਜਸ ਜਪਿਆ ਜਾਂਦਾ ਹੈ।੪।

ਪਦਾਰਥ = ਲੈ-ਲੈ ਕੇ।ਜਾਇਸੀ-ਤੂੰ ਜਾਵੇਂਗਾ।ਤਾ-ਤਾਂ; ਤਦ।ਛੁਟਸੀ-ਛੁਟ ਸਕੇਂਗਾ।ਜਾ-ਜਦੋਂ।ਚੁਕਾਇਸੀ-ਦੂਰ ਕਰੇਂਗਾ।ਸੰਚਿ-ਇਕੱਠਾ ਕਰ।ਵਖਰੁ-ਸੌਦਾ।ਗੁਰ ਸਬਦਿ-ਗੁਰ ਦੇ ਸ਼ਬਦ ਰਾਹੀਂ।ਭਾਉ-ਭਾ (ਮੁੱਲ)।ਪਛਾਣਹੇ-ਤੂੰ ਪਛਾਣ ਲੈ।ਮੈਲੁ-ਵਿਕਾਰਾਂ ਦੀ ਮੈਲ।ਪਰਹਰਿ-ਦੂਰ ਕਰਕੇ।ਸਚੁ ਮਹਲੁ-ਸੱਚਾ ਟਿਕਾਣਾ।ਘਰੁ-ਹਿਰਦਾ ਘਰ।ਜਾਣਹੇ-ਤੂੰ ਜਾਣ ਲਵੇਂਗਾ।ਪਤਿ-ਸਨਮਾਨ; ਸੋਭਾ।ਘਰਿ-ਪ੍ਰਲੋਕ ਘਰ ਵਿਚ।ਸਿਧਾਵਹਿ-ਜਾਵੇਂਗਾ।ਝੋਲਿ-ਨਿਤਾਰ (ਵਿਸ਼ਿਆਂ ਦਾ ਬੂਰ ਹਟਾ) ਕੇ।ਧਿਆਈਐ-ਧਿਆਉਣਾ ਚਾਹੀਦਾ ਹੈ।ਪਾਈਐ-ਪਾਇਆ ਜਾਂਦਾ ਹੈ।ਵਡਭਾਗਿ-ਵੱਡੇ ਭਾਗਾਂ ਨਾਲ।ਜਪੀਐ-ਜਪਿਆ ਜਾਂਦਾ ਹੈ।ਜਸੋ-ਜਸ।੪।

ਏ ਮਨ ਮੇਰਿਆ, ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਏ ਮਨ ਮੇਰਿਆ, ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥ ਪਾਰਿ ਸਾਜਨੁ ਅਪਾਰੁ ਪ੍ਰੀਤਮੁ ,ਗੁਰ ਸਬਦ ਸੁਰਤਿ ਲੰਘਾਵਏ ॥ ਮਿਲਿ ਸਾਧ ਸੰਗਤਿ ਕਰਹਿ ਰਲੀਆ, ਫਿਰਿ ਨ ਪਛੋਤਾਵਏ ॥ ਕਰਿ ਦਇਆ ਦਾਨੁ ਦਇਆਲ ਸਾਚਾ, ਹਰਿ ਨਾਮ ਸੰਗਤਿ ਪਾਵਓ ॥ ਨਾਨਕੁ ਪਇਅੰਪੈ ਸੁਣਹੁ ਪ੍ਰੀਤਮ, ਗੁਰ ਸਬਦਿ ਮਨੁ ਸਮਝਾਵਓ ॥੫॥੬॥ ਹੇ ਮੇਰੇ ਮਨਾ! ਬਿਨਾ ਪੌੜੀਆਂ ਦੇ ਮਕਾਨ ਦੀ ਛੱਤ ਉਪਰ ਕਿਵੇਂ (ਕੋਈ ਮਨੁੱਖ) ਚੜ੍ਹ ਸਕਦਾ ਹੈਂ (ਇਸੇ ਤਰ੍ਹਾਂ ਨਾਮ ਜਪੇ ਬਿਨਾ ਕੋਈ ਮਨੁੱਖ ਪ੍ਰਭੂ ਤੱਕ ਕਿਵੇਂ ਪਹੁੰਣ ਸਕਦਾ ਹੈ)? ਹੇ ਮੇਰੇ ਮਨ! ਬੇੜੀ ਵਿਚ ਚੜ੍ਹਨ ਤੋਂ ਬਿਨਾ (ਕੋਈ ਵੀ ਮਨੁੱਖ) ਦਰਿਆ ਤੋਂ ਪਾਰ ਨਹੀਂ ਪਹੁੰਚ ਸਕਦਾ (ਨਾਮ ਸਿਮਰਨ ਤੋਂ ਬਿਨਾ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਹੋਇਆ ਜਾ ਸਕਦਾ)।ਪਿਆਰਾ ਸੱਜਣ ਬੇਅੰਤ ਪ੍ਰਭੂ ਸੰਸਾਰ ਸਮੁੰਦਰ ਦੀਆਂ ਲਹਿਰਾਂ ਤੋਂ ਪਾਰਲੇ ਪਾਸੇ ਵਸਦਾ ਹੈ, ਗੁਰ ਸ਼ਬਦ ਦੀ ਸੋਝੀ ਹੀ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਸਕਦੀ ਹੈ।(ਹੇ ਮਨ! ਜੇ) ਤੂੰ ਸਾਧ ਸੰਗਤ ਵਿਚ ਮਿਲ ਕੇ ਆਤਮਕ ਅਨੰਦ ਮਾਣਦਾ ਰਹੇਂ, ਤਾਂ ਫਿਰ ਤੈਨੂੰ ਪਛਤਾਵਾ ਨਹੀਂ ਹੋਵੇਗਾ।ਹੇ ਦਇਆਲ ਪ੍ਰਭੂ! ਮੇਰੇ ਤੇ ਦਇਆ ਕਰ, ਮੈਨੂੰ ਹਰੀ ਦਾ ਸੱਚਾ ਨਾਮ ਦਾਨ ਦੇਹ, ਜੋ ਮੈਂ ਸਾਧ ਸੰਗਤ ਵਿਚੋਂ ਪ੍ਰਾਪਤ ਕਰਾਂ।ਨਾਨਕ ਬੇਨਤੀ ਕਰਦਾ ਹੈ, ਹੇ ਮੇਰੇ ਪ੍ਰੀਤਮ! ਸੁਣ, (ਮੇਰੇ ਤੇ ਮੇਹਰ ਕਰ) ਮੈਂ ਗੁਰੂ ਦੇ ਸ਼ਬਦ ਦੁਆਰਾ ਅਪਣੇ ਮਨ ਨੂੰ ਸਮਝਾਉਂਦਾ ਰਹਾਂ।੫।੬।

ਪਦਾਰਥ = ਏ ਮਨ-ਹੇ ਮਨ!।ਮੰਦਰਿ-ਮਕਾਨ ਦੀ ਛੱਤ ਉਪਰ।ਕਿਉ ਚੜੈ-ਕਿਵੇਂ ਚੜ੍ਹ ਸਕਦਾ ਹੈ? ਪਾਰਿ-ਦਰਿਆ ਦੇ ਪਰਲੇ ਪਾਸੇ।ਨ ਅੰਬੜੈ-ਅੱਪੜ ਨਹੀਂ ਸਕਦਾ।ਅਪਾਰੁ-ਬੇਅੰਤ ਪ੍ਰਭੂ।ਸਬਦ ਸੁਰਤਿ-ਸ਼ਬਦ ਦੀ ਸੋਝੀ।ਲੰਘਾਵਏ-ਪਾਰ ਲੰਘਾ ਸਕਦੀ ਹੈ।ਮਿਲਿ-ਮਿਲ ਕੇ।ਕਰਹਿ ਰਲੀਆ-ਜੇ ਤੂੰ ਆਤਮਕ ਅਨੰਦ ਮਾਣਦਾ ਰਹੇਂ।ਨ ਪਛੋਤਾਵਏ-ਪਛਤਾਵਾ ਨਹੀਂ ਹੋਵੇਗਾ।ਦਇਆਲ-ਹੇ ਦਇਆਲ ਪ੍ਰਭੂ!।ਪਇਅੰਪੈ-ਬੇਨਤੀ ਕਰਦਾ ਹੈ।ਸਬਦਿ-ਸ਼ਬਦ ਰਾਹੀਂ।ਸਮਝਾਵਓ-ਮੈਂ ਸਮਝਾਵਾਂ।੫।੬।

ਤੁਖਾਰੀ ਛੰਤ ਮਹਲਾ ੪ ੴ ਸਤਿਗੁਰ ਪ੍ਰਸਾਦਿ ॥ ਅੰਤਰਿ ਪਿਰੀ ਪਿਆਰੁ ,ਕਿਉ ਪਿਰ ਬਿਨੁ ਜੀਵੀਐ ਰਾਮ ॥ ਜਬ ਲਗੁ ਦਰਸੁ ਨ ਹੋਇ, ਕਿਉ ਅੰਮ੍ਰਿਤੁ ਪੀਵੀਐ ਰਾਮ ॥ ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ, ਤਿਸੁ ਬਿਨੁ ਰਹਨੁ ਨ ਜਾਏ ॥ ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ, ਪਿਰ ਬਿਨੁ ਪਿਆਸ ਨ ਜਾਏ ॥ ਅਪਨੀ ਕ੍ਰਿਪਾ ਕਰਹੁ ਹਰਿ ਪਿਆਰੇ, ਹਰਿ ਹਰਿ ਨਾਮੁ ਸਦ ਸਾਰਿਆ ॥ ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ ,ਹਉ ਸਤਿਗੁਰ ਵਿਟਹੁ ਵਾਰਿਆ ॥੧॥(ਹੇ ਸਖੀ!) ਮੇਰੇ ਹਿਰਦੇ ਅੰਦਰ ਪਤੀ ਪ੍ਰਭੂ ਦਾ ਪਿਆਰ ਹੈ, ਪਤੀ ਪ੍ਰਭੂ ਦੇ ਦਰਸ਼ਨ ਤੋਂ ਬਿਨਾ ਕਿਵੇਂ ਜੀਵੀਆ ਜਾ ਸਕਦਾ ਹੈ? ਜਦ ਤੱਕ ਪਤੀ ਪ੍ਰਭੂ ਦਾ ਦਰਸ਼ਨ ਨਹੀਂ ਹੁੰਦਾ, ਤਾਂ ਆਤਮ ਅਨੰਦ ਰੂਪ ਅੰਮ੍ਰਿਤ ਕਿਵੇਂ ਪੀਤਾ ਜਾ ਸਕਦਾ ਹੈ? (ਨਹੀਂ ਪੀਤਾ ਜਾ ਸਕਦਾ)।ਆਤਮਾ ਅਨੰਦ ਰੂਪ ਅੰਮ੍ਰਿਤ ਕਿਵੇਂ ਪੀਤਾ ਜਾ ਸਕਦਾ ਹੈ ਅਤੇ ਹਰੀ ਤੋਂ ਬਿਨਾ ਕਿਵੇਂ ਜੀਵਿਆ ਜਾ ਸਕਦਾ ਹੈ? ਉਸ ਤੋਂ ਬਿਨਾ ਰਿਹਾ ਨਹੀਂ ਜਾਂਦਾ।(ਜਿਸ ਜੀਵ ਇਸਤ੍ਰੀ ਦੇ ਅੰਦਰ ਪਤੀ ਪ੍ਰਭੂ ਦਾ ਪਿਆਰ ਹੈ, ਉਹ ਪਪੀਹੇ ਵਾਂਗ) ਹਰ ਰੋਜ ਦਿਨ ਰਾਤ ਪ੍ਰਿਉ ਪ੍ਰਿਉ (ਪਤੀ ਪ੍ਰਭੂ ਨੂੰ ਮੁੜ ਮੁੜ ਯਾਦ) ਕਰਦੀ ਹੈ, ਪਤੀ ਪ੍ਰਭੂ ਦੇ ਦਰਸ਼ਨ ਕੀਤੇ ਬਿਨਾ (ਉਸ ਦੀ) ਪਿਆਸ ਜਾਂਦੀ ਨਹੀਂ।ਹੇ ਪਿਆਰੇ ਪ੍ਰਭੂ! ਜੀ (ਜਿਸ ਮਨੁੱਖ ਨੇ) ਸਦਾ ਹਰਿ ਹਰਿ ਨਾਮ ਸਦਾ ਯਾਦ ਕੀਤਾ ਹੈ, (ਉਸ ਉਤੇ) ਤੁਸੀਂ ਅਪਨੀ ਕ੍ਰਿਪਾ ਕਰਦੇ ਹੋ।(ਹੇ ਭਾਈ!) ਮੈਂ ਸਤਿਗੁਰੂ ਤੋਂ

ਕੁਰਬਾਨ ਜਾਂਦਾ ਹਾਂ, (ਕਿਉਂਕਿ) ਗੁਰੂ ਦੇ ਸ਼ਬਦ ਦੁਆਰਾ ਮੈਨੂੰ ਪ੍ਰਭੂ ਪ੍ਰੀਤਮ ਮਿਲਿਆ ਹੈ।੧।

ਪਦਾਰਥ = ਅੰਤਰਿ-ਹਿਰਦੇ ਅੰਦਰ।ਪਿਰੀ-ਪਤੀ ਪ੍ਰਭੂ ਦਾ।ਕਿਉ ਜੀਵੀਐ-ਕਿਵੇਂ ਜੀਵਿਆ ਜਾ ਸਕਦਾ ਹੈ? ਜਬ ਲਗੁ-ਜਦ ਤੱਕ।ਦਰਸੁ-ਦਰਸ਼ਨ।ਪੀਵੀਐ-ਪੀਤਾ ਜਾ ਸਕਦਾ ਹੈ।ਰਹਨੁ ਨ ਜਾਇ-ਰਿਹਾ ਨਹੀਂ ਜਾਂਦਾ।ਅਨਦਿਨੁ-ਹਰ ਰੋਜ।ਪ੍ਰਿਉ ਪ੍ਰਿਉ ਕਰੇ-ਪਤੀ ਪ੍ਰਭੂ ਨੂੰ ਬਾਰ ਬਾਰ ਯਾਦ ਕਰਦੀ ਹੈ।ਪਿਆਸ-ਰੁਚੀ; ਇੱਛਾ।ਕਰਹੁ-ਕਰਦੇ ਹੋ।ਸਦ-ਸਦਾ।ਸਾਰਿਆ-ਯਾਦ ਕੀਤਾ ਹੈ।ਕੈ ਸਬਦਿ-ਦੇ ਸ਼ਬਦ ਦੁਆਰਾ।ਮੈ-ਮੈਨੂੰ।ਹਉ-ਮੈਂ।ਵਿਟਹੁ-ਤੋਂ।ਵਾਰਿਆ-ਕੁਰਬਾਨ ਹਾਂ।੧।

ਅੰਗ ੧੧੧੪ = ਜਬ ਦੇਖਾਂ ਪਿਰੁ ਪਿਆਰਾ, ਹਰਿ ਗੁਣ ਰਸਿ ਰਵਾ ਰਾਮ ॥ ਮੇਰੈ ਅੰਤਰਿ ਹੋਇ ਵਿਗਾਸੁ, ਪ੍ਰਿਉ ਪ੍ਰਿਉ ਸਚੁ ਨਿਤ ਚਵਾ ਰਾਮ ॥ ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ, ਬਿਨੁ ਦੇਖੇ ਤ੍ਰਿਪਤਿ ਨ ਆਵਏ ॥ ਸਬਦਿ ਸੀਗਾਰੁ ਹੋਵੈ ਨਿਤ ਕਾਮਣਿ, ਹਰਿ ਹਰਿ ਨਾਮੁ ਧਿਆਵਏ ॥ ਦਇਆ ਦਾਨੁ ਮੰਗਤ ਜਨ ਦੀਜੈ, ਮੈ ਪ੍ਰੀਤਮੁ ਦੇਹੁ ਮਿਲਾਇ ॥ ਅਨਦਿਨੁ ਗੁਰੁ ਗੋਪਾਲੁ ਧਿਆਈ, ਹਮ ਸਤਿਗੁਰ ਵਿਟਹੁ ਘੁਮਾਏ ॥੨॥ (ਹੇ ਸਖੀ!) ਜਦੋਂ ਮੈਂ ਪਤੀ ਪ੍ਰਭੂ ਦੇਖਦੀ ਹਾਂ, ਤਦੋਂ ਮੈਂ ਉਸ ਦੇ ਗੁਣ ਪ੍ਰੇਮ ਨਾਲ ਉਚਾਰਨ ਕਰਦੀ ਹਾਂ।(ਗੁਣ ਉਚਾਰਨ ਕਰਕੇ) ਮੇਰੇ ਹਿਰਦੇ ਅੰਦਰ ਖਿੜਾਉ ਪੈਦਾ ਹੋ ਜਾਂਦਾ ਹੈ ਅਤੇ ਸੱਚੇ ਪ੍ਰਭੂ ਦਾ ਨਾਮ (ਪਪੀਹੇ ਵਾਂਗ) ਵਾਰ ਵਾਰ ਉਚਾਰਦੀ ਰਹਿੰਦੀ ਹਾਂ।ਪਿਆਰੇ ਪ੍ਰਭੂ ਦਾ ਨਾਮ ਉਚਾਰਦੀ ਹਾਂ, ਉਹ ਗੁਰੂ ਸ਼ਬਦ ਦੁਆਰਾ (ਜੀਵਾਂ ਨੂੰ ਭਵਜਲ ਤੋਂ) ਤਾਰਦਾ ਹੈ, (ਪ੍ਰਭੂ ਦਾ) ਦਰਸ਼ਨ ਕੀਤੇ ਬਿਨਾ ਤ੍ਰਿਪਤੀ ਨਹੀਂ ਆਉਂਦੀ।ਜਿਸ ਜੀਵ ਇਸਤ੍ਰੀ ਦਾ ਗੁਰੂ ਦੇ ਸ਼ਬਦ ਦੁਆਰਾ ਆਤਮਕ ਸ਼ਿੰਗਾਰ ਹੁੰਦਾ ਹੈ, ਉਹ ਨਿੱਤ ਹਰਿ ਹਰਿ ਨਾਮ ਸਿਮਰਦੀ ਰਹਿੰਦੀ ਹੈ।(ਹੇ ਭਾਈ! ਮੈਂ ਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਹੇ ਗੁਰੂ ਜੀ! ਮੇਰੇ ਤੇ) ਦਇਆ ਕਰਕੇ ਮੰਗਤ ਜਨ ਨੂੰ ਨਾਮ ਦਾਨ ਦਿਓ, ਮੈਨੂੰ ਪਿਆਰਾ ਪ੍ਰੀਤਮ ਮਿਲਾ ਦਿਓ।ਮੈਂ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ ਅਤੇ ਮੈਂ ਹਰ ਰੋਜ ਗੁਰੂ ਪ੍ਰਮੇਸ਼ਰ ਨੂੰ ਸਿਮਰਦਾ ਹਾਂ।੨।

ਪਦਾਰਥ = ਜਬ-ਜਦੋਂ।ਦੇਖਾਂ-ਮੈਂ ਦੇਖਦੀ ਹਾਂ।ਪਿਰੁ-ਪਤੀ ਪ੍ਰਭੂ।ਰਸਿ-ਪ੍ਰੇਮ ਨਾਲ।ਰਵਾ-ਉਚਾਰਦੀ ਹਾਂ।ਅੰਤਰਿ-ਹਿਰਦੇ ਅੰਦਰ।ਵਿਗਾਸੁ-ਖਿੜਾਉ; ਖੁਸ਼ੀ।ਪ੍ਰਿਉ-ਪਿਆਰਾ ਪਤੀ।ਸਚੁ-ਸੱਚਾ ਪ੍ਰਭੂ।ਨਿਤ-ਹਰ ਰੋਜ।ਚਵਾ-ਮੈਂ ਉਚਾਰਦੀ ਹਾਂ।ਸਬਦਿ-ਸ਼ਬਦ ਰਾਹੀਂ।ਨਿਸਤਾਰੇ-ਤਾਰਦਾ ਹੈ।ਤ੍ਰਿਪਤਿ-ਰੱਜੇਵਾਂ।ਕਾਮਣਿ-ਜੀਵ ਇਸਤ੍ਰੀ।ਧਿਆਵਏ-ਸਿਮਰਦੀ ਹੈ।ਮੰਗਤ ਜਨ-ਦਾਸ ਮੰਗਤੇ ਨੂੰ।ਮੈ-ਮੈਨੂੰ।ਅਨਦਿਨੁ-ਹਰ ਰੋਜ।ਗੁਰੁ ਗੋਪਾਲੁ-ਸ੍ਰਿਸਟੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਗੁਰੂ ਪ੍ਰਮੇਸਰ।ਧਿਆਈ-ਮੈਂ ਸਿਮਰਦਾ ਹਾਂ।ਵਿਟਹੁ-ਤੋਂ।ਘੁਮਾਏ-ਕੁਰਬਾਨ ਜਾਂਦਾ ਹਾਂ।੨।

ਹਮ ਪਾਥਰ ਗੁਰੁ ਨਾਵ, ਬਿਖੁ ਭਵਜਲੁ ਤਾਰੀਐ ਰਾਮ ॥ ਗੁਰ ਦੇਵਹੁ ਸਬਦੁ ਸੁਭਾਇ, ਮੈ ਮੂੜ ਨਿਸਤਾਰੀਐ ਰਾਮ ॥ ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ, ਤੂ ਅਗੰਮੁ ਵਡ ਜਾਣਿਆ ॥ ਤੂ ਆਪਿ ਦਇਆਲੁ ਦਇਆ ਕਰਿ ਮੇਲਹਿ, ਹਮ ਨਿਰਗੁਣੀ ਨਿਮਾਣਿਆ ॥ ਅਨੇਕ ਜਨਮ ਪਾਪ ਕਰਿ ਭਰਮੇ, ਹੁਣਿ ਤਉ ਸਰਣਾਗਤਿ ਆਏ ॥ ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ,ਹਮ ਲਾਗਹ ਸਤਿਗੁਰ ਪਾਏ ॥੩॥ ਹੇ ਪ੍ਰਭੂ! ਅਸੀਂ (ਸੰਸਾਰੀ ਜੀਵ ਪਾਪਾਂ ਦੇ ਕਾਰਣ ਭਾਰੀ ਹੋ ਚੁੱਕੇ) ਪੱਥਰ ਹਾਂ ਅਤੇ ਗੁਰੂ ਬੇੜੀ ਰੂਪ ਹੈ, (ਸਾਨੂੰ ਗੁਰੂ ਦੀ ਸੰਗਤ ਦੁਆਰਾ) ਬਿਖ ਰੂਪ ਸੰਸਾਰ ਸਮੁੰਦਰ ਤੋਂ ਤਾਰ ਦਿਓ।ਹੇ ਪ੍ਰਭੂ ਜੀ! ਅਪਣੇ ਪ੍ਰੇਮ ਵਿਚ ਜੋੜ ਕੇ ਮੈਨੂੰ ਗੁਰੂ ਦਾ ਸ਼ਬਦ ਦਿਓ, ਮੈਨੂੰ ਮੂਰਖ ਨੂੰ (ਇਸ ਸੰਸਾਰ ਸਮੁੰਦਰ ਤੋਂ) ਤਾਰ ਦਿਓ ਜੀ।ਅਸੀਂ (ਸਭ ਜੀਵ) ਅਤਿਅੰਤ ਮੂਰਖ ਹਾਂ, ਸਾਥੋਂ ਕੁਛ ਵੀ ਤੇਰਾ ਅੰਦਾਜਾ ਨਹੀਂ ਪਾਇਆ ਸਕਦਾ, (ਕਿਉਂਕਿ) ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਵੱਡਾ ਜਾਣਿਆ ਜਾਂਦਾ ਹੈਂ।ਤੂੰ ਆਪ ਦਇਆ ਦਾ ਘਰ ਹੈਂ, ਦਇਆ ਕਰਕੇ ਗੁਣ ਹੀਣ ਤੇ ਨਿਮਾਣੇ ਜੀਵਾਂ ਨੂੰ ਅਪਣੇ ਨਾਲ ਮਿਲਾ ਲੈਂਦਾ ਹੈਂ।(ਅਸੀਂ ਜੀਵ) ਪਾਪ ਕਰਮ ਕਰਕੇ ਅਨੇਕਾਂ ਜਨਮਾਂ ਵਿਚ ਭਰਮਦੇ ਰਹੇ ਹਾਂ, (ਪਰ) ਹੁਣ ਤੇਰੀ ਸ਼ਰਣ ਵਿਚ ਆਏ ਹਾਂ।(ਹੇ ਪ੍ਰਭੂ! ਸਾਡੀ) ਰੱਖਿਆ ਕਰ ਲਵੋ ਅਤੇ (ਸਾਡੇ ਤੇ) ਦਇਆ ਕਰੋ, ਤਾਂ ਕਿ ਅਸੀਂ ਸਤਿਗੁਰੂ ਦੇ ਚਰਨੀ ਲੱਗੇ ਰਹੀਏ।੩।

ਪਦਾਰਥ = ਹਮ-ਅਸੀਂ ਜੀਵ।ਪਾਥਰ-ਪੱਥਰ।ਨਾਵ-ਬੇੜੀ।ਤਾਰੀਐ-ਤਾਰ ਦੇਹ।ਮੂੜ ਮੁਗਧੁ-ਅਤਿਅੰਤ ਮੂਰਖ।ਮਿਤਿ-ਵੱਡਪਣ ਦਾ ਅੰਦਾਜਾ।ਅਗੰਮ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਵਡ-ਵੱਡਾ।ਦਇਆਲੁ-ਦਇਆ ਦਾ ਘਰ।ਕਰਿ-ਕਰਕੇ।ਨਿਰਗੁਣੀ-ਗੁਣ ਹੀਣ।ਨਿਮਾਣਿਆ-ਨਿਮਾਣਿਆਂ ਨੂੰ।ਭਰਮੇ-ਭਟਕਦੇ ਰਹੇ ਹਾਂ।ਤਉ-ਤੇਰੀ।ਲਾਗਹ-ਲੱਗੇ ਰਹੀਏ।ਪਾਏ-ਪੈਰੀਂ (ਚਰਨੀਂ)।੩।

ਗੁਰ ਪਾਰਸ ਹਮ ਲੋਹ, ਮਿਲਿ ਕੰਚਨੁ ਹੋਇਆ ਰਾਮ ॥ ਜੋਤੀ ਜੋਤਿ ਮਿਲਾਇ, ਕਾਇਆ ਗੜੁ ਸੋਹਿਆ ਰਾਮ ॥ ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ, ਕਿਉ ਸਾਸਿ ਗਿਰਾਸਿ ਵਿਸਾਰੀਐ ॥ ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ, ਹਉ ਸਤਿਗੁਰ ਕੈ ਬਲਿਹਾਰੀਐ ॥ ਸਤਿਗੁਰ ਆਗੈ ਸੀਸੁ ਭੇਟ ਦੇਉ ,ਜੇ ਸਤਿਗੁਰ ਸਾਚੇ ਭਾਵੈ ॥ ਆਪੇ ਦਇਆ ਕਰਹੁ ਪ੍ਰਭ ਦਾਤੇ, ਨਾਨਕ ਅੰਕਿ ਸਮਾਵੈ ॥੪॥੧॥ ਹੇ ਭਾਈ! ਗੁਰੂ ਪਾਰਸ ਹੈ, ਅਸੀਂ (ਸੰਸਾਰੀ ਜੀਵ) ਲੋਹਾ ਹਾਂ, (ਜਿਵੇਂ) ਲੋਹਾ ਪਾਰਸ ਨਾਲ ਮਿਲ ਕੇ ਸੋਨਾ ਹੋ ਜਾਂਦਾ ਹੈ, (ਤਿਵੇਂ ਗੁਰੂ ਨੂੰ ਮਿਲ ਕੇ ਮੈਂ ਸੋਨੇ ਵਾਂਗ ਸ਼ੁੱਧ ਤੇ ਅਮੋਲਕ ਹੋ ਗਿਆ ਹਾਂ। ਗੁਰੂ ਦੁਆਰਾ) ਅਪਣੀ ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲਾ ਕੇ ਮੇਰਾ ਸਰੀਰ ਰੂਪ ਕਿਲ੍ਹਾ ਸੋਹਣਾ ਹੋ ਗਿਆ ਹੈ। (ਜਿਸ ਮਨੁੱਖ ਦੇ ਮਨ ਨੂੰ) ਮੇਰੇ ਪ੍ਰਭੂ ਨੇ ਮੋਹ ਲਿਆ ਹੈ, (ਉਸ ਦਾ) ਸਰੀਰ ਰੂਪ ਕਿਲ੍ਹਾ ਸੋਹਣਾ ਹੋ ਗਿਆ ਹੈ, (ਇਸ ਕਰਕੇ) ਪ੍ਰਭੂ ਨੂੰ ਸੁਆਸ ਲੈਂਦਿਆਂ ਤੇ ਭੋਜਨ ਖਾਂਦਿਆਂ ਕਿਉਂ ਭੁਲਾ ਦੇਈਏ? (ਉਸ ਨੂੰ ਸਦਾ ਚੇਤੇ ਰੱਖਣਾ ਚਾਹੀਦਾ ਹੈ। ਜਿਸ) ਗੁਰੂ ਦੇ ਸ਼ਬਦ ਦੁਆਰਾ ਅਦ੍ਰਿਸ਼ਟ ਤੇ ਅਗੋਚਰ ਪ੍ਰਭੂ ਨੂੰ ਮੈਂ ਗ੍ਰਹਿਣ ਕੀਤਾ ਹੈ, ਮੈਂ (ਉਸ) ਸਤਿਗੁਰੂ ਦੇ ਬਲਹਾਰ ਜਾਂਦਾ ਹਾਂ। ਜੇ ਸੱਚ ਸਰੂਪ ਸਤਿਗੁਰੂ ਨੂੰ ਚੰਗਾ ਲੱਗੇ, ਤਾਂ ਮੈਂ ਸਤਿਗੁਰੂ ਅੱਗੇ ਅਪਣਾ ਸੀਸ ਭੇਟ ਕਰ ਦੇਵਾਂ (ਹੰਕਾਰ ਛਡ ਦੇਵਾਂ)। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਦਾਤਾਰ ਪ੍ਰਭੂ! (ਜਿਸ ਮਨੁੱਖ ਉਤੇ ਤੁਸੀਂ) ਆਪ ਦਇਆ ਕਰਦੇ ਹੋ, (ਉਹ ਤੁਹਾਡੇ) ਸਰੂਪ ਵਿਚ ਸਮਾ ਜਾਂਦਾ ਹੈ।੪।੧।

ਪਦਾਰਥ = ਪਾਰਸ–ਇਕ ਖਿਆਲੀ ਪੱਥਰ ਮੰਨਿਆ ਗਿਆ ਹੈ, ਜਿਸ ਦੇ ਛੋਹਣ ਨਾਲ ਲੋਹਾ ਸੋਨਾ ਬਣ ਜਾਂਦਾ ਹੈ। ਹਮ–ਅਸੀਂ ਜੀਵ। ਲੋਹ–ਲੋਹਾ। ਮਿਲਿ–ਮਿਲ ਕੇ। ਕੰਚਨੁ–ਸੋਨਾ। ਜੋਤੀ–ਪ੍ਰਭੂ ਦੀ ਜੋਤ ਵਿਚ। ਜੋਤਿ–ਆਤਮ ਜੋਤ। ਮਿਲਾਇ–ਮਿਲਾ ਕੇ। ਗੜੁ–ਕਿਲ੍ਹਾ। ਕਾਇਆ–ਸਰੀਰ। ਸੋਹਿਆ–ਸੋਹਣਾ ਹੋ ਗਿਆ। ਪ੍ਰਭਿ–ਪ੍ਰਭੂ ਨੇ। ਮੋਹਿਆ–ਮੋਹ ਲਿਆ। ਸਾਸਿ–ਸੁਆਸਾਂ ਨਾਲ। ਗਿਰਾਸਿ–ਖਾਂਦਿਆਂ ਪੀਂਦਿਆਂ। ਵਿਸਾਰੀਐ–ਭੁਲਾ ਦੇਈਏ। ਅਦ੍ਰਿਸਟੁ–ਜੋ ਦਿਖਾਈ ਨਾ ਦੇਵੇ। ਅਗੋਚਰੁ–ਮਨ ਅਤੇ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਪਕੜਿਆ–ਗ੍ਰਹਿਣ ਕੀਤਾ ਹੈ। ਸਬਦੀ–ਸ਼ਬਦ ਦੁਆਰਾ। ਹਉ–ਮੈਂ। ਕੈ ਬਲਿਹਾਰੀਐ–ਦੇ ਕੁਰਬਾਨ ਹਾਂ। ਸੀਸੁ–ਸਿਰ। ਭੇਟ ਦੇਉ–ਭੇਟਾ ਕਰ ਦੇਵਾਂ। ਜੇ ਭਾਵੈ–ਜੇ ਚੰਗਾ ਲੱਗੇ। ਕਰਹੁ–ਕਰਦੇ ਹੋ। ਅੰਕਿ–ਸਰੂਪ ਵਿਚ। ਸਮਾਵੈ–ਸਮਾ ਜਾਂਦਾ ਹੈ।੪।੧।

ਤੁਖਾਰੀ ਮਹਲਾ ੪ ॥ ਹਰਿ ਹਰਿ ਅਗਮ ਅਗਾਧਿ, ਅਪਰੰਪਰ ਅਪਰਪਰਾ ॥ ਜੋ ਤੁਮ ਧਿਆਵਹਿ ਜਗਦੀਸ, ਤੇ ਜਨ ਭਉ ਬਿਖਮੁ ਤਰਾ ॥ ਬਿਖਮ ਭਉ ਤਿਨ ਤਰਿਆ ਸੁਹੇਲਾ, ਜਿਨ ਹਰਿ ਹਰਿ ਨਾਮੁ ਧਿਆਇਆ ॥ ਗੁਰ ਵਾਕਿ ਸਤਿਗੁਰ ਜੋ ਭਾਇ ਚਲੇ, ਤਿਨ ਹਰਿ ਹਰਿ ਆਪਿ ਮਿਲਾਇਆ ॥ ਜੋਤੀ ਜੋਤਿ ਮਿਲਿ ਜੋਤਿ ਸਮਾਣੀ, ਹਰਿ ਕ੍ਰਿਪਾ ਕਰਿ ਧਰਣੀਧਰਾ ॥ ਹਰਿ ਹਰਿ ਅਗਮ ਅਗਾਧਿ, ਅਪਰੰਪਰ ਅਪਰਪਰਾ ॥੧॥ ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ! ਹੇ ਅਥਾਹ ਪ੍ਰਭੂ! ਹੇ ਪਰੇ ਤੋਂ ਪਰੇ ਬੇਅੰਤ ਪ੍ਰਭੂ!। ਹੇ ਜਗਤ ਦੇ ਮਾਲਕ ਪ੍ਰਭੂ! ਉਹ ਮਨੁੱਖ ਔਖਾ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਨੂੰ ਤਰ ਜਾਂਦੇ ਹਨ, ਜਿਹੜੇ ਤੈਨੂੰ ਧਿਆਉਂਦੇ ਹਨ। ਉਨ੍ਹਾਂ ਨੇ ਕਠਨ ਸੰਸਾਰ ਸਮੁੰਦਰ ਸੌਖਾ ਹੀ ਤਰ ਲਿਆ ਹੈ, ਜਿਨ੍ਹਾਂ ਨੇ ਹਰੀ ਦਾ ਨਾਮ ਧਿਆਇਆ ਹੈ। ਜਿਹੜੇ ਮਨੁੱਖ ਪ੍ਰੇਮ ਨਾਲ ਪੂਜਨੀਕ ਸਤਿਗੁਰੂ ਦੇ ਬਚਨਾਂ ਅਨੁਸਾਰ ਚਲਦੇ (ਜੀਵਨ ਬਤੀਤ ਕਰਦੇ) ਹਨ, ਉਨ੍ਹਾਂ ਨੂੰ ਹਰੀ ਨੇ ਆਪ ਹੀ ਅਪਣੇ ਨਾਲ ਮਿਲਾ ਲਿਆ ਹੈ। ਹੇ ਧਰਤੀ ਨੂੰ ਅਸਰਾ ਦੇਣ ਵਾਲੇ ਪ੍ਰਭੂ! ਜਿਸ ਮਨੁੱਖ ਉਤੇ ਤੂੰ ਕ੍ਰਿਪਾ ਕੀਤੀ ਹੈ, ਉਸ ਦੀ ਆਤਮ ਜੋਤ ਜੋਤੀ ਸਰੂਪ ਪ੍ਰਭੂ ਦੀ ਜੋਤ ਵਿਚ ਸਮਾ ਗਈ ਹੈ। ਹੇ ਹਰੀ! ਤੂੰ ਮਨ ਬਾਣੀ ਦੀ ਪਹੁੰਚ ਤੇ ਪਰੇ ਹੈਂ, ਤੂੰ ਅਥਾਹ ਹੈਂ ਅਤੇ ਤੂੰ ਪਰੇ ਤੋਂ ਪਰੇ ਅਤੇ ਬੇਅੰਤ ਹੈਂ।੧।

ਪਦਾਰਥ = ਅਗਮ–ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ!। ਅਗਾਧਿ–ਹੇ ਅਥਾਹ ਪ੍ਰਭੂ!। ਅਪਰੰਪਰ–ਹੇ ਪਰੇ ਤੋਂ ਪਰੇ ਪ੍ਰਭੂ!। ਅਪਰਪਰਾ–ਹੇ ਬੇਅੰਤ ਪ੍ਰਭੂ!। ਧਿਆਵਹਿ–ਧਿਆਉਂਦੇ ਹਨ। ਜਗਦੀਸ–ਹੇ ਜਗਤ ਦੇ ਮਾਲਕ!। ਤੇ ਜਨ–ਉਹ ਮਨੁੱਖ। ਭਉ–ਸੰਸਾਰ ਸਮੁੰਦਰ। ਬਿਖਮ–ਔਖਾ। ਤਰਾ–ਤਰ ਜਾਂਦੇ ਹਨ। ਤਿਨ ਤਰਿਆ–ਉਨ੍ਹਾਂ ਨੇ ਤਰਿਆ ਹੈ। ਸੁਹੇਲਾ–ਸੌਖੇ ਹੀ। ਗੁਰ ਵਾਕਿ–ਗੁਰੂ ਦੇ ਬਚਨਾਂ ਅਨੁਸਾਰ। ਭਾਇ–ਪ੍ਰੇਮ ਨਾਲ। ਚਲੇ–ਚਲਦੇ ਹਨ। ਆਪਿ–ਆਪ ਹੀ। ਜੋਤੀ–ਜੋਤੀ ਸਰੂਪ ਪ੍ਰਭੂ। ਜੋਤਿ–ਪ੍ਰਭੂ ਦੀ ਜੋਤ ਵਿਚ। ਜੋਤਿ ਸਮਾਣੀ–ਆਤਮ ਜੋਤ ਸਮਾ ਗਈ ਹੈ। ਕਰਿ–ਕਰੀ (ਕੀਤੀ)। ਧਰਣੀਧਰਾ–ਧਰਤੀ ਨੂੰ ਆਸਰਾ ਦੇਣ ਵਾਲਾ ਪ੍ਰਭੂ।੧।

ਤੁਮ ਸੁਆਮੀ ਅਗਮ ਅਥਾਹ, ਤੂ ਘਟਿ ਘਟਿ ਪੂਰਿ ਰਹਿਆ ॥ ਤੂ ਅਲਖ ਅਭੇਉ ਅਗੰਮੁ ,ਗੁਰ ਸਤਿਗੁਰ ਬਚਨਿ ਲਹਿਆ ॥ ਧਨੁ ਧੰਨ ਤੇ ਜਨ ਪੁਰਖ ਪੂਰੇ, ਜਿਨ ਗੁਰ ਸੰਤ ਸੰਗਤਿ ਮਿਲਿ ਗੁਣ ਰਵੇ ॥ ਬਿਬੇਕ ਬੁਧਿ ਬੀਚਾਰਿ ਗੁਰਮੁਖਿ, ਗੁਰ ਸਬਦਿ ਖਿਨੁ

ਖਿਨੁ ਹਰਿ ਨਿਤ ਚਵੇ ॥ ਜਾ ਬਹਹਿ ਗੁਰਮੁਖਿ ਹਰਿ ਨਾਮੁ ਬੋਲਹਿ, ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ॥ ਤੁਮ ਸੁਆਮੀ ਅਗਮ ਅਥਾਹ, ਤੂ ਘਟਿ ਘਟਿ ਪੂਰਿ ਰਹਿਆ ॥੨॥ ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਥਾਹ ਪ੍ਰਭੂ ! ਤੂੰ ਸਭ ਦਾ ਮਾਲਕ ਹੈਂ, ਤੂੰ ਹਰੇਕ ਜੀਵ ਦੇ ਸਰੀਰ ਵਿਚ ਵਿਆਪਕ ਹੋ ਰਿਹਾ ਹੈਂ। ਤੂੰ ਅਦ੍ਰਿਸ਼ਟ ਹੈਂ, (ਕਿਸੇ ਪਾਸੋਂ ਤੇਰਾ) ਭੇਤ ਨਹੀਂ ਪਾਇਆ ਜਾ ਸਕਦਾ ਅਤੇ ਤੂੰ ਮਨ ਬਾਣੀ ਦੀ ਪਹੁੰਚ ਤੋਂ ਵੀ ਪਰੇ ਹੈਂ, (ਜਿਸ ਮਨੁੱਖ ਨੇ ਤੈਨੂੰ ਜਾਣਿਆ ਹੈ, ਉਸ ਨੇ) ਪੂਜਨੀਕ ਸਤਿਗੁਰੂ ਦੇ ਬਚਨਾਂ ਦੁਆਰਾ ਹੀ ਜਾਣਿਆ ਹੈ। (ਹੇ ਭਾਈ !) ਉਹ ਪੁਰਖ ਮਨ ਤੇ ਤਨ ਕਰਕੇ ਧੰਨਤਾ ਦੇ ਯੋਗ ਹਨ ਅਤੇ ਉਹ ਪੁਰਖ ਪੂਰਨ ਹਨ, ਜਿਨ੍ਹਾਂ ਨੇ ਸੰਤ ਗੁਰੂ ਦੀ ਸੰਗਤ ਵਿਚ ਹਰੀ ਦੇ ਗੁਣ ਉਚਾਰਨ ਕੀਤੇ ਹਨ। ਗੁਰਮੁਖਿ ਜਨ ਬਿਬੇਕ ਬੁੱਧੀ ਰਾਹੀਂ ਵਿਚਾਰ ਕਰਕੇ ਗੁਰੂ ਦੇ ਸ਼ਬਦ ਦੁਆਰਾ ਹਰ ਰੋਜ ਹਰੇਕ ਪਲ ਹਰੀ ਨੂੰ ਉਚਾਰਦੇ ਹਨ। ਗੁਰਮੁਖ ਜਨ ਜਦ (ਸੰਗਤ ਵਿਚ) ਬਹਿੰਦੇ ਹਨ, ਤਾਂ ਉਹ ਹਰੀ ਦਾ ਨਾਮ ਉਚਾਰਦੇ ਹਨ, ਜਦੋਂ ਗੁਰਮੁਖ ਖੜ੍ਹੇ ਹੁੰਦੇ ਹਨ, ਤਾਂ ਵੀ ਹਰਿ ਹਰਿ ਹੀ ਆਖਦੇ ਹਨ। ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਥਾਹ ਮਾਲਕ ਪ੍ਰਭੂ ! ਤੂੰ ਹਰੇਕ ਜੀਵ ਦੇ ਸਰੀਰ ਵਿਚ ਵਿਆਪਕ ਹੋ ਰਿਹਾ ਹੈਂ।੨।

ਪਦਾਰਥ = ਸੁਆਮੀ–ਮਾਲਕ ਪ੍ਰਭੂ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਘਟਿ ਘਟਿ–ਹਰੇਕ ਜੀਵ ਦੇ ਸਰੀਰ ਵਿਚ। ਪੂਰਿ ਰਹਿਆ–ਵਿਆਪਕ ਹੋ ਰਿਹਾ ਹੈਂ। ਅਲਖ (ਅਲੱਖ ਪੜ੍ਹੋ)–ਅਦ੍ਰਿਸ਼ਟ; ਜਿਸ ਦਾ ਸਹੀ ਸਰੂਪ ਬਿਆਨ ਨਾ ਕੀਤਾ ਜਾ ਸਕੇ। ਅਭੇਉ–ਜਿਸ ਦਾ ਭੇਤ ਨਾ ਪਾਇਆ ਜਾ ਸਕੇ। ਅਗੰਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਬਚਨਿ–ਬਚਨਾਂ ਰਾਹੀਂ। ਲਹਿਆ–ਜਾਣਿਆ ਹੈ; ਲੱਭਿਆ ਹੈ। ਧਨੁ ਧੰਨੁ–ਮਨ ਤਨ ਕਰਕੇ ਧੰਨ ਹਨ। ਤੇ ਜਨ–ਉਹ ਪੁਰਖ। ਪੁਰਖ ਪੂਰੇ–ਪੂਰਨ ਪੁਰਖ। ਜਿਨ–ਜਿਨ੍ਹਾਂ ਨੇ। ਗੁਰ ਸੰਤ–ਸੰਤ ਗੁਰੂ ਦੀ। ਗੁਣ ਰਵੇ–ਗੁਣ ਉਚਾਰਨ ਕੀਤੇ ਹਨ। ਬਿਬੇਕ ਬੁਧਿ–ਸੱਤ ਅਸੱਤ ਦੀ ਪਰਖ ਕਰਨ ਵਾਲੀ ਬੁੱਧੀ। ਬੀਚਾਰਿ–ਵਿਚਾਰ ਕਰਕੇ। ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਸਬਦਿ–ਸ਼ਬਦ ਰਾਹੀਂ। ਖਿਨੁ ਖਿਨੁ–ਹਰੇਕ ਪਲ। ਨਿਤ ਚਵੇ–ਹਰ ਰੋਜ ਉਚਾਰਦੇ ਹਨ। ਜਾ–ਜਦੋਂ। ਬਹਹਿ–ਬੈਠਦੇ ਹਨ। ਖੜੇ–ਖੜ੍ਹੇ ਹੁੰਦੇ ਹਨ। ਕਹਿਆ–ਸਿਮਰਿਆ ਹੈ।੨।

ਸੇਵਕ ਜਨ ਸੇਵਹਿ ਤੇ ਪਰਵਾਣੁ ,ਜਿਨ ਸੇਵਿਆ ਗੁਰਮਤਿ ਹਰੇ ॥ ਤਿਨ ਕੇ ਕੋਟਿ ਸਭਿ ਪਾਪ, ਖਿਨੁ ਪਰਹਰਿ ਹਰਿ ਦੂਰਿ ਕਰੇ ॥ (ਹੇ ਭਾਈ ! ਜਿਹੜੇ) ਸੇਵਕ ਜਨ ਪ੍ਰਭੂ ਨੂੰ ਸਿਮਰਦੇ ਹਨ ਅਤੇ ਜਿਨ੍ਹਾਂ ਨੇ ਗੁਰੂ ਦੀ ਮੱਤ ਲੈ ਕੇ ਪ੍ਰਭੂ ਨੂੰ ਸਿਮਰਿਆ ਹੈ, ਉਹ (ਪ੍ਰਭੂ ਦੀ ਹਜੂਰੀ ਵਿਚ) ਪ੍ਰਵਾਨ ਹਨ। ਉਨ੍ਹਾਂ ਦੇ ਸਾਰੇ ਕ੍ਰੋੜਾਂ ਪਾਪ ਹਰੀ ਨੇ ਇਕ ਖਿਨ ਵਿਚ ਨਾਸ਼ ਕਰਕੇ ਦੂਰ ਕਰ ਦਿਤੇ ਹਨ।

ਅੰਗ ੧੧੧੫ = ਤਿਨ ਕੇ ਪਾਪ ਦੋਖ ਸਭਿ ਬਿਨਸੇ, ਜਿਨ ਮਨਿ ਚਿਤਿ ਇਕੁ ਅਰਾਧਿਆ ॥ ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ, ਜਿਨ ਗੁਰ ਬਚਨੀ ਸਚੁ ਭਾਖਿਆ ॥ ਤੇ ਧੰਨੁ ਜਨ ਵਡ ਪੁਰਖ ਪੂਰੇ, ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥ ਸੇਵਕ ਜਨ ਸੇਵਹਿ ਤੇ ਪਰਵਾਣੁ ,ਜਿਨ ਸੇਵਿਆ ਗੁਰਮਤਿ ਹਰੇ ॥੩॥ ਜਿਨ੍ਹਾਂ ਪੁਰਖਾਂ ਨੇ ਮਨ ਵਿਚ ਤੇ ਇਕ ਚਿਤ ਵਿਚ ਇਕ ਪ੍ਰਭੂ ਨੂੰ ਅਰਾਧਿਆ ਹੈ, ਉਨ੍ਹਾਂ ਦੇ ਸਾਰੇ ਪਾਪ ਤੇ ਸਾਰੇ ਔਗਣ ਨਾਸ ਹੋ ਗਏ ਹਨ। ਜਿਨ੍ਹਾਂ ਪੁਰਖਾਂ ਨੇ ਗੁਰੂ ਦੇ ਬਚਨਾਂ ਦੁਆਰਾ ਸੱਚੇ ਪ੍ਰਭੂ ਦਾ ਨਾਮ ਸਿਮਰਿਆ ਹੈ, ਕਰਤਾਰ ਨੇ ਉਨ੍ਹਾਂ ਦਾ ਮਨੁੱਖਾ ਜਨਮ ਸਫਲ ਕਰ ਦਿਤਾ ਹੈ। ਉਹ ਪੁਰਖ ਧੰਨ ਹਨ, ਵੱਡੇ ਤੇ ਪੂਰਨ ਪੁਰਖ ਹਨ, ਜੋ ਗੁਰੂ ਦੀ ਮੱਤ ਅਨੁਸਾਰ ਹਰੀ ਦਾ ਨਾਮ ਜਪ ਕੇ ਕਠਨ ਭਵਜਲ ਨੂੰ ਤਰ ਗਏ ਹਨ। (ਜਿਹੜੇ) ਸੇਵਕ ਜਨ ਪ੍ਰਭੂ ਦਾ ਨਾਮ ਸਿਮਰਦੇ ਹਨ ਅਤੇ ਜਿਨ੍ਹਾਂ ਨੇ ਗੁਰੂ ਦੀ ਮੱਤ ਲੇ ਕੇ ਹਰੀ ਦਾ ਸਿਮਰਨ ਕੀਤਾ ਹੈ, ਉਹ (ਪ੍ਰਭੂ ਦੀ ਹਜੂਰੀ ਵਿਚ) ਪ੍ਰਵਾਨ ਹਨ।੩।

ਪਦਾਰਥ = ਸੇਵਹਿ–ਸਿਮਰਦੇ ਹਨ। ਤੇ–ਉਹ ਮਨੁੱਖ। ਜਿਨ–ਜਿਨ੍ਹਾਂ ਨੇ। ਸੇਵਿਆ–ਸਿਮਰਿਆ ਹੈ। ਗੁਰਮਤਿ–ਗੁਰੂ ਸਿੱਖਿਆ ਦੁਆਰਾ। ਹਰੇ–ਹਰੀ ਨੂੰ। ਤਿਨ ਕੇ–ਉਨ੍ਹਾਂ ਦੇ। ਕੋਟਿ–ਕ੍ਰੋੜਾਂ। ਪਰਹਰਿ–ਨਾਸ਼ ਕਰਕੇ। ਦੋਖ–ਔਗਣ; ਕਲੰਕ। ਬਿਨਸੇ–ਨਾਸ਼ ਹੋ ਗਏ। ਮਨਿ–ਮਨ ਵਿਚ। ਚਿਤਿ–ਚਿੱਤ ਵਿਚ। ਇਕੁ–ਇਕ ਪ੍ਰਭੂ ਨੂੰ। ਸਫਲਿਓ ਕੀਆ–ਸਫਲ ਕਰ ਦਿਤਾ ਹੈ। ਕਰਤੈ–ਕਰਤਾਰ ਨੇ। ਬਚਨੀ–ਬਚਨਾਂ ਦੁਆਰਾ। ਸਚੁ–ਸੱਚੇ ਪ੍ਰਭੂ ਦਾ ਨਾਮ। ਭਾਖਿਆ–ਸਿਮਰਿਆ ਹੈ। ਪੂਰੇ–ਗੁਣਾਂ ਵਿਚ ਪੂਰਨ। ਜਪਿ–ਜਪ ਕੇ। ਭਉ ਬਿਖਮੁ–ਔਖਾ ਤਰਿਆ ਜਾਣ ਵਾਲਾ ਭਵਜਲ (ਸੰਸਾਰ ਸਮੁੰਦਰ)। ਤਰੇ–ਤਰ ਗਏ ਹਨ।੩।

ਤੂ ਅੰਤਰਜਾਮੀ ਹਰਿ ਆਪਿ, ਜਿਉ ਤੂ ਚਲਾਵਹਿ ਪਿਆਰੇ, ਹਉ ਤਿਵੈ ਚਲਾ ॥ ਹਮਰੈ ਹਾਥਿ ਕਿਛੁ ਨਾਹਿ, ਜਾ ਤੂ ਮੇਲਹਿ, ਤਾ ਹਉ ਆਇ ਮਿਲਾ ॥ ਜਿਨ ਕਉ ਤੂ ਹਰਿ ਮੇਲਹਿ ਸੁਆਮੀ, ਸਭੁ ਤਿਨ ਕਾ ਲੇਖਾ ਛੁਟਕਿ ਗਇਆ ॥ ਤਿਨ ਕੀ ਗਣਤ ਨ ਕਰਿਅਹੁ

ਕੋ ਭਾਈ, ਜੋ ਗੁਰ ਬਚਨੀ ਹਰਿ ਮੇਲਿ ਲਇਆ ॥ ਨਾਨਕ ਦਇਆਲੁ ਹੋਆ ਤਿਨ ਊਪਰਿ, ਜਿਨ ਗੁਰ ਕਾ ਭਾਣਾ ਮੰਨਿਆ ਭਲਾ ॥ ਤੂ ਅੰਤਰਜਾਮੀ ਹਰਿ ਆਪਿ, ਜਿਉ ਤੂ ਚਲਾਵਹਿ ਪਿਆਰੇ, ਹਉ ਤਿਵੈ ਚਲਾ ॥੪॥੨॥ ਹੇ ਪ੍ਰਭੂ! ਤੂੰ ਆਪ ਸਭ ਜੀਵਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈਂ, ਹੇ ਪਿਆਰੇ ਪ੍ਰਭੂ! ਜਿਵੇਂ ਤੂੰ ਮੈਨੂੰ ਜੀਵਨ ਵਿਚ ਚਲਾਉਂਦਾ ਹੈਂ, ਮੈਂ ਤਿਵੇਂ ਚਲਦਾ ਹਾਂ। ਅਸਾਂ ਜੀਵਾਂ ਦੇ ਹੱਥ ਵਿਚ ਕੁਛ ਨਹੀਂ, ਜਦੋਂ ਤੂੰ ਮੈਨੂੰ (ਅਪਣੇ ਨਾਲ) ਮਿਲਾਵੇਂਗਾ, ਤਾਂ ਮੈਂ ਆ ਕੇ ਮਿਲ ਸਕਾਂਗਾ। ਹੇ ਮਾਲਕ ਹਰੀ! ਜਿਨ੍ਹਾਂ ਪੁਰਖਾਂ ਨੂੰ ਤੂੰ (ਅਪਣੇ ਨਾਲ) ਮਿਲਾ ਲੈਂਦਾ ਹੈਂ, ਉਨ੍ਹਾਂ ਦੇ ਕਰਮਾਂ ਦਾ ਲੇਖਾ ਛੁੱਟ ਗਿਆ ਹੈ। ਹੇ ਭਾਈ! ਉਨ੍ਹਾਂ ਦੇ ਕਰਮਾਂ ਦੀ ਗਿਣਤੀ ਕੋਈ ਨਾ ਕਰਿਆ ਕਰੋ, ਜਿਨ੍ਹਾਂ ਨੂੰ ਹਰੀ ਨੇ ਗੁਰੂ ਦੇ ਬਚਨਾਂ ਦੁਆਰਾ (ਅਪਣੇ ਨਾਲ) ਮਿਲਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਪੁਰਖਾਂ ਉਪਰ ਪ੍ਰਭੂ ਦਿਆਲ ਹੋਇਆ ਹੈ, ਜਿਨ੍ਹਾਂ ਨੇ ਗੁਰੂ ਦਾ ਹੁਕਮ ਭਲਾ ਕਰਕੇ ਮੰਨਿਆ ਹੈ। ਹੇ ਪ੍ਰਭੂ! ਤੂੰ ਆਪ ਅੰਤਰਜਾਮੀ ਹੈਂ, ਜਿਵੇਂ ਤੂੰ ਮੈਨੂੰ ਜੀਵਨ ਵਿਚ ਚਲਾਉਂਦਾ ਹੈਂ, ਮੈਂ ਤਿਵੇਂ ਹੀ ਚਲਦਾ ਹਾਂ।੪।੨।

ਪਦਾਰਥ = ਅੰਤਰਜਾਮੀ–ਦਿਲ ਦੇ ਅੰਦਰ ਦੀਆਂ ਜਾਨਣ ਵਾਲਾ। ਜਿਉ–ਜਿਵੇਂ। ਚਲਾਵਹਿ–ਚਲਾਉਂਦਾ ਹੈਂ। ਪਿਆਰੇ–ਹੇ ਪਿਆਰੇ ਪ੍ਰਭੂ!। ਹਉ–ਮੈਂ। ਤਿਵੈ–ਤਿਵੇਂ ਹੀ। ਚਲਾ–ਚਲਦਾ ਹਾਂ। ਹਮਰੈ ਹਾਥਿ–ਅਸਾਂ ਜੀਵਾਂ ਦੇ ਹੱਥ ਵਿਚ। ਜਾ–ਜਦੋਂ। ਜਿਨ ਕਉ–ਜਿਨ੍ਹਾਂ ਨੂੰ। ਸੁਆਮੀ–ਹੇ ਮਾਲਕ!। ਛੁਟਕਿ ਗਇਆ–ਛੁੱਟ (ਮੁੱਕ) ਗਿਆ। ਤਿਨ ਕੀ–ਉਨ੍ਹਾਂ ਦੀ। ਗਣਤ–(ਕਰਮਾਂ ਦੀ) ਗਿਣਤੀ। ਕੋ–ਕੋਈ। ਗੁਰ ਬਚਨੀ–ਗੁਰੂ ਦੇ ਬਚਨਾਂ ਦੁਅਰਾ। ਭਲਾ–ਭਲਾ ਕਰਕੇ।੪।੨।

ਤੁਖਾਰੀ ਮਹਲਾ ੪ ॥ ਤੂ ਜਗਜੀਵਨੁ ਜਗਦੀਸੁ ,ਸਭ ਕਰਤਾ ਸ੍ਰਿਸਟਿ ਨਾਥੁ ॥ ਤਿਨ ਤੂ ਧਿਆਇਆ ਮੇਰਾ ਰਾਮੁ ,ਜਿਨ ਕੈ ਧੁਰਿ ਲੇਖੁ ਮਾਥੁ ॥ ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ, ਤਿਨ ਹਰਿ ਹਰਿ ਨਾਮੁ ਅਰਾਧਿਆ ॥ ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ, ਜਿਨ ਗੁਰ ਬਚਨੀ ਹਰਿ ਜਾਪਿਆ ॥ ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ, ਤਿਨ ਦੇਖੇ ਹਉ ਭਇਆ ਸਨਾਥੁ ॥ ਤੂ ਜਗਜੀਵਨੁ ਜਗਦੀਸੁ ,ਸਭ ਕਰਤਾ ਸ੍ਰਿਸਟਿ ਨਾਥੁ ॥੧॥ (ਹੇ ਪ੍ਰਭੂ!) ਤੂੰ ਜਗਤ ਦਾ ਜੀਵਨ ਹੈਂ, ਜਗਤ ਦਾ ਮਾਲਕ ਹੈਂ, ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈਂ ਅਤੇ ਸਭ ਦਾ ਮਾਲਕ ਹੈਂ। ਹੇ ਮੇਰੇ ਰਾਮ! ਉਨ੍ਹਾਂ (ਮਨੁੱਖਾਂ ਨੇ) ਤੈਨੂੰ ਸਿਮਰਿਆ ਹੈ, ਜਿਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਚੰਗਾ ਲੇਖ ਲਿਖਿਆ ਹੋਇਆ ਹੈ। ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਭਾਗਾਂ ਵਿਚ ਧੁਰ ਤੋਂ ਹਰੀ ਮਾਲਕ ਨੇ ਲਿਖਿਆ ਹੋਇਆ ਹੈ, ਉਨ੍ਹਾਂ ਨੇ ਹਰੀ ਦਾ ਨਾਮ ਸਿਮਰਿਆ ਹੈ। ਉਨ੍ਹਾਂ ਮਨੁੱਖਾਂ ਦੇ ਸਾਰੇ ਪਾਪ ਇਕ ਖਿਨ ਵਿਚ ਉਤਰ ਗਏ ਹਨ, ਜਿਨ੍ਹਾਂ ਨੇ ਗੁਰੂ ਦੇ ਬਚਨਾਂ ਦੁਆਰਾ ਹਰੀ ਦਾ ਨਾਮ ਜਪਿਆ ਹੈ। ਉਹ ਮਨੁੱਖ ਧੰਨ ਧੰਨ ਹਨ, ਜਿਨ੍ਹਾਂ ਨੇ ਹਰੀ ਦਾ ਨਾਮ ਜਪਿਆ ਹੈ, ਉਨ੍ਹਾਂ ਨੂੰ ਦੇਖ ਕੇ ਮੈਂ ਮਾਲਕ ਵਾਲਾ ਹੋ ਗਿਆ ਹਾਂ (ਮਾਲਕ ਦਾ ਸੇਵਕ ਬਣ ਗਿਆ ਹਾਂ। ਹੇ ਪ੍ਰਭੂ!) ਤੂੰ ਜਗਤ ਦਾ ਜੀਵਨ ਹੈਂ, ਜਗਤ ਦਾ ਮਾਲਕ ਹੈਂ, ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈਂ ਅਤੇ ਸਭ ਦਾ ਮਾਲਕ ਹੈਂ।੧।

ਪਦਾਰਥ = ਜਗਜੀਵਨੁ–ਜਗਤ ਦਾ ਜੀਵਨ। ਜਗਦੀਸੁ–ਜਗਤ ਦਾ ਮਾਲਕ। ਕਰਤਾ ਸ੍ਰਿਸਟਿ–ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਪ੍ਰਭੂ। ਨਾਥੁ–ਮਾਲਕ। ਤਿਨ–ਉਨ੍ਹਾਂ ਨੇ। ਤੂ–ਤੈਨੂੰ। ਰਾਮ–ਸਰਬ ਵਿਆਪਕ ਪ੍ਰਭੂ। ਧੁਰਿ–ਧੁਰ ਪ੍ਰਭੂ ਦੀ ਹਜੂਰੀ ਤੋਂ। ਮਾਥੁ–ਮੱਥਾ। ਤਿਨ ਕੇ–ਉਨ੍ਹਾਂ ਦੇ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਲਾਥੇ–ਉਤਰ ਗਏ। ਬਚਨੀ–ਬਚਨਾਂ ਦੁਆਰਾ। ਜਾਪਿਆ–ਜਪਿਆ ਹੈ। ਤੇ ਜਨ–ਉਹ ਪੁਰਖ। ਤਿਨ ਦੇਖੇ–ਉਨ੍ਹਾਂ ਨੂੰ ਦੇਖ ਕੇ। ਹਉ–ਮੈਂ। ਭਇਆ–ਹੋਇਆ ਹਾਂ। ਸਨਾਥੁ–ਮਾਲਕ ਵਾਲਾ; ਸਫਲ।੧।

ਤੂ ਜਲਿ ਥਲਿ ਮਹੀਅਲਿ ਭਰਪੂਰਿ, ਸਭ ਊਪਰਿ ਸਾਚੁ ਧਣੀ ॥ ਜਿਨ ਜਪਿਆ ਹਰਿ ਮਨਿ ਚੀਤਿ, ਹਰਿ ਜਪਿ ਜਪਿ ਮੁਕਤੁ ਘਣੀ ॥ ਜਿਨ ਜਪਿਆ ਹਰਿ ਤੇ ਮੁਕਤੁ ਪ੍ਰਾਣੀ, ਤਿਨ ਕੇ ਊਜਲ ਮੁਖ ਹਰਿ ਦੁਆਰਿ ॥ ਓਇ ਹਲਤਿ ਪਲਤਿ ਜਨ ਭਏ ਸੁਹੇਲੇ, ਹਰਿ ਰਾਖਿ ਲੀਏ ਰਖਨਹਾਰਿ ॥ ਹਰਿ ਸੰਤ ਸੰਗਤਿ ਜਨ ਸੁਣਹੁ ਭਾਈ, ਗੁਰਮੁਖਿ ਹਰਿ ਸੇਵਾ ਸਫਲ ਬਣੀ ॥ ਤੂ ਜਲਿ ਥਲਿ ਮਹੀਅਲਿ ਭਰਪੂਰਿ, ਸਭ ਊਪਰਿ ਸਾਚੁ ਧਣੀ ॥੨॥ (ਹੇ ਪ੍ਰਭੂ!) ਤੂੰ ਪਾਣੀਆਂ ਵਿਚ, ਧਰਤੀ ਵਿਚ, ਧਰਤੀ ਤੇ ਅਕਾਸ਼ ਵਿਚ (ਸਭ ਜਗ੍ਹਾ) ਵਿਆਪਕ ਹੈਂ ਅਤੇ ਸਾਰੇ (ਦੇਵੀ ਦੇਵਤਿਆਂ ਦੇ) ਉਪਰ ਸੱਚਾ ਮਾਲਕ ਹੈਂ। (ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ ਮਨ ਵਿਚ ਤੇ ਚਿੱਤ ਵਿਚ ਜਪਿਆ ਹੈ (ਉਹ ਮੁਕਤ ਹੋ ਗਏ ਹਨ), ਹਰੀ ਦਾ ਨਾਮ ਜਪ ਜਪ ਕੇ ਬਹੁਤ ਦੁਨੀਆਂ ਮੁਕਤ ਹੋਈ ਹੈ। ਜਿਨ੍ਹਾਂ ਨੇ ਹਰੀ ਦਾ ਨਾਮ ਜਪਿਆ ਹੈ, ਉਹ ਪ੍ਰਾਣੀ ਮੁਕਤ ਹੋ ਗਏ ਹਨ ਅਤੇ ਉਨ੍ਹਾਂ ਦੇ ਮੂੰਹ ਹਰੀ ਦੇ ਦਰ ਤੇ ਉਜਲ ਹੋਏ ਹਨ। ਉਹ ਪੁਰਖ

ਇਸ ਲੋਕ ਵਿਚ ਤੇ ਪ੍ਰਲੋਕ ਵਿਚ ਸੁਖੀ ਹਨ, ਰੱਖਿਆ ਕਰਨ ਵਾਲੇ ਹਰੀ ਨੇ (ਹਰ ਤਰ੍ਹਾਂ ਨਾਲ ਬਚਾ ਕੇ) ਰੱਖ ਲਏ ਹਨ। ਹੇ ਹਰੀ ਦੇ ਸੰਤ ਜਨੋਂ! ਹੇ ਸਾਧ ਸੰਗਤ! ਹੇ ਭਾਈ ਜਨੋਂ! ਸੁਣੋ, ਗੁਰੂ ਦੁਆਰਾ ਹਰੀ ਦੀ ਕੀਤੀ ਸੇਵਾ ਭਗਤੀ ਸਫਲ ਬਣ ਜਾਂਦੀ ਹੈ। ਹੇ ਪ੍ਰਭੂ! ਤੂੰ ਜਲਾਂ ਵਿਚ, ਥਲਾਂ ਵਿਚ ਤੇ ਧਰਤੀ ਤੇ ਅਕਾਸ਼ ਵਿਚ ਵਿਆਪਕ ਹੈ ਅਤੇ ਤੂੰ ਸਾਰੇ ਜੀਵਾਂ ਉਤੇ ਸੱਚਾ ਮਾਲਕ ਹੈਂ।੨।

ਪਦਾਰਥ = ਜਲਿ–ਜਲ ਵਿਚ। ਥਲਿ–ਧਰਤੀ ਵਿਚ। ਮਹੀਅਲਿ–ਧਰਤੀ ਤੇ ਅਕਾਸ਼ ਵਿਚ। ਭਰਪੂਰਿ–ਸਰਬ ਵਿਆਪਕ। ਸਾਚੁ ਧਣੀ –ਸੱਚਾ ਮਾਲਕ। ਜਿਨ–ਜਿਨ੍ਹਾਂ ਨੇ। ਮਨਿ–ਮਨ ਵਿਚ। ਚੀਤਿ–ਚਿੱਤ ਵਿਚ। ਜਪਿ ਜਪਿ–ਜਪ ਜਪ ਕੇ। ਘਣੀ–ਬਹੁਤ ਦੁਨੀਆਂ। ਤੇ– ਉਹ। ਹਰਿ ਦੁਆਰਿ–ਹਰੀ ਦੇ ਦਰ ਤੇ। ਓਇ–ਉਹ (ਬਹੁ ਵਚਨ)। ਹਲਤਿ–ਇਸ ਲੋਕ ਵਿਚ। ਪਲਤਿ–ਪ੍ਰਲੋਕ ਵਿਚ। ਜਨ–ਮਨੁੱਖ। ਭਏ ਸੁਹੇਲੇ–ਸੁਖੀ ਹੋਏ ਹਨ। ਰਖਨਹਾਰਿ–ਰੱਖਿਆ ਕਰਨ ਵਾਲੇ ਨੇ। ਭਾਈ–ਹੇ ਭਾਈ!। ਗੁਰਮੁਖਿ–ਗੁਰੂ ਰਾਹੀਂ।੨।

ਤੂ ਥਾਨ ਥਨੰਤਰਿ ਹਰਿ ਏਕੁ ,ਹਰਿ ਏਕੋ ਏਕੁ ਰਵਿਆ ॥ ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ, ਮੁਖਿ ਹਰਿ ਹਰਿ ਨਾਮੁ ਚਵਿਆ ॥ ਸਭਿ ਚਵਹਿ ਹਰਿ ਹਰਿ ਨਾਮੁ ਕਰਤੇ, ਅਸੰਖ ਅਗਣਤ ਹਰਿ ਧਿਆਵਏ ॥ ਸੋ ਧੰਨੁ ਧਨੁ ਹਰਿ ਸੰਤੁ ਸਾਧੂ , ਜੋ ਹਰਿ ਪ੍ਰਭ ਕਰਤੇ ਭਾਵਏ ॥ ਸੋ ਸਫਲੁ ਦਰਸਨੁ ਦੇਹੁ ਕਰਤੇ, ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥ ਤੂ ਥਾਨ ਥਨੰਤਰਿ ਹਰਿ ਏਕੁ ,ਹਰਿ ਏਕੋ ਏਕੁ ਰਵਿਆ ॥੩॥ ਹੇ ਹਰੀ! ਤੂੰ ਸਭ ਥਾਵਾਂ ਅਤੇ ਥਾਵਾਂ ਦੀਆਂ ਸਾਰੀਆਂ ਵਿੱਥਾਂ ਅੰਦਰ ਇਕ ਤੂੰ ਹੀ ਵਸਦਾ ਹੈਂ, ਹੇ ਹਰੀ! ਇਕੋ ਇਕ ਤੂੰ ਹੀ ਸਭ ਜਗ੍ਹਾ ਵਿਆਪਕ ਹੈਂ। ਜੰਗਲਾਂ ਵਿਚ, ਘਾਹ ਦੇ ਤੀਲੇ ਵਿਚ, ਤਿੰਨਾਂ ਭਵਨਾਂ ਵਿਚ ਇਕ ਤੂੰ ਹੀ ਵਸਦਾ ਹੈਂ, ਹੇ ਭਾਈ! ਸਾਰੀ ਸ੍ਰਿਸ਼ਟੀ ਦੇ ਜੀਵਾਂ ਵੱਲੋਂ ਮੂੰਹ ਨਾਲ ਇਕੋ ਹਰੀ ਦਾ ਨਾਮ ਜਪਿਆ ਜਾਂਦਾ ਹੈ। ਹੇ ਕਰਤਾਰ! ਸਾਰੇ ਮਨੁੱਖ ਹਰਿ ਹਰਿ ਨਾਮ ਜਪਦੇ ਹਨ, ਬੇਅੰਤ ਅਣਗਿਣਤ ਜੀਵ ਹਰੀ ਦਾ ਨਾਮ ਸਿਮਰਦੇ ਹਨ। ਹਰੀ ਦਾ ਉਹ ਸੰਤ ਧੰਨ ਹੈ, ਉਹ ਸਾਧੂ ਧੰਨ ਹੈ, ਜੋ ਹਰੀ ਪ੍ਰਭੂ ਨੂੰ ,ਜੋ ਕਰਤਾਰ ਨੂੰ ਚੰਗਾ ਲਗਦਾ ਹੈ। ਹੇ ਕਰਤਾਰ! ਉਹ ਮਨੁੱਖ ਸਫਲ ਜੀਵਨ ਵਾਲਾ ਹੈ, ਜਿਸ ਦੇ ਹਿਰਦੇ ਵਿਚ ਸਦਾ ਹਰੀ ਦਾ ਨਾਮ ਸਿਮਰਿਆ ਜਾ ਰਿਹਾ ਹੈ, (ਮੈਨੂੰ ਉਸ ਦਾ) ਦਰਸ਼ਨ ਬਖਸ਼ ਦੇਹ। ਹੇ ਹਰੀ ਤੂੰ ਸਭ ਥਾਵਾਂ ਅਤੇ ਥਾਵਾਂ ਦੀਆਂ ਵਿੱਥਾਂ ਅੰਦਰ ਇਕ ਤੂੰ ਹੀ ਵਸਦਾ ਹੈਂ, ਹੇ ਹਰੀ! ਇਕੋ ਇਕ ਤੂੰ ਹੀ ਸਭ ਜਗ੍ਹਾ ਵਿਆਪਕ ਹੈਂ।੩।

ਪਦਾਰਥ = ਥਾਨ ਥਨੰਤਰਿ–ਸਭ ਥਾਵਾਂ ਵਿਚ ਅਤੇ ਥਾਵਾਂ ਦੀਆਂ ਵਿੱਥਾਂ ਅੰਦਰ। ਰਵਿਆ–ਵਿਆਪਕ ਹੈਂ। ਵਣਿ–ਜੰਗਲ ਵਿਚ। ਤ੍ਰਿਣਿ–ਕੱਖਾਂ ਵਿਚ। ਤ੍ਰਿਭਵਣਿ–ਤਿੰਨਾਂ ਭਵਨਾਂ (ਮਾਤ ਲੋਕ, ਪਤਾਲ ਤੇ ਪ੍ਰਲੋਕ) ਵਿਚ। ਸ੍ਰਿਸਟਿ–ਸ੍ਰਿਸਟੀ ਵਿਚ। ਮੁਖਿ–ਮੂੰਹ ਨਾਲ। ਚਵਿਆ–ਜਪਿਆ ਜਾਂਦਾ ਹੈ। ਸਭਿ–ਸਾਰੇ ਜੀਵ। ਚਵਹਿ–ਜਪਦੇ ਹਨ। ਕਰਤੇ–ਹੇ ਕਰਤਾਰ!। ਅਣਗਣਤ–ਅਣਗਿਣਤ। ਅਸੰਖ– ਬੇਅੰਤ। ਧਿਆਵਏ–ਸਿਮਰਦੇ ਹਨ। ਸੋ–ਉਹ। ਭਾਵਏ–ਚੰਗੇ ਲਗਦੇ ਹਨ। ਜਿਸੁ ਹਿਰਦੈ–ਜਿਸ ਦੇ ਹਿਰਦੇ ਵਿਚ। ਸਦ–ਸਦਾ।੩।

ਤੇਰੀ ਭਗਤਿ ਭੰਡਾਰ ਅਸੰਖ, ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥ ਜਿਸ ਕੈ ਮਸਤਕਿ ਗੁਰ ਹਾਥੁ ,ਤਿਸੁ ਹਿਰਦੈ ਹਰਿ ਗੁਣ ਟਿਕਹਿ ॥ ਹਰਿ ਗੁਣ ਹਿਰਦੈ ਟਿਕਹਿ ਤਿਸ ਕੈ, ਜਿਸੁ ਅੰਤਰਿ ਭਉ ਭਾਵਨੀ ਹੋਈ ॥ ਹੇ ਮੇਰੇ ਸੁਆਮੀ! (ਤੇਰੇ ਘਰ ਵਿਚ) ਤੇਰੀ ਭਗਤੀ ਦੇ ਅਣਗਿਣਤ ਭੰਡਾਰ ਭਰੇ ਪਏ ਹਨ, (ਪਰ ਇਸ ਭਗਤੀ ਦੇ ਭੰਡਾਰ) ਜਿਸ ਮਨੁੱਖ ਨੂੰ ਤੂੰ ਦੇਂਦਾ ਹੈਂ, ਉਸੇ ਨੂੰ ਹੀ ਮਿਲਦੇ ਹਨ। ਜਿਸ ਮਨੁੱਖ ਦੇ ਮੱਥੇ ਉਤੇ ਗੁਰੂ ਦਾ ਹੱਥ ਹੁੰਦਾ ਹੈ, ਉਸ ਦੇ ਹਿਰਦੇ ਵਿਚ ਹਰੀ ਦੇ ਗੁਣ ਟਿਕਦੇ ਹਨ। ਉਸ ਮਨੁੱਖ ਦੇ ਹਿਰਦੇ ਵਿਚ ਹਰੀ ਦੇ ਗੁਣ ਟਿਕਦੇ ਹਨ, ਜਿਸ ਦੇ ਹਿਰਦੇ ਅੰਦਰ ਹਰੀ ਦਾ ਭੈ ਅਤੇ ਹਰੀ ਦੀ ਸ਼ਰਧਾ ਹੁੰਦੀ ਹੈ।

ਅੰਗ ੧੧੧੬ = ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ, ਬਿਨੁ ਭੈ ਪਾਰਿ ਨ ਉਤਰਿਆ ਕੋਈ ॥ ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ, ਜਿਸੁ ਤੂ ਆਪਣੀ ਕਿਰਪਾ ਕਰਹਿ ॥ ਤੇਰੀ ਭਗਤਿ ਭੰਡਾਰ ਅਸੰਖ, ਜਿਸ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥੪॥੩॥ (ਹੇ ਭਾਈ!) ਹਰੀ ਦੇ ਭੈ ਤੋਂ ਬਿਨਾ ਕਿਸੇ ਮਨੁੱਖ ਨੇ ਵੀ ਹਰੀ ਦਾ ਪ੍ਰੇਮ ਪ੍ਰਾਪਤ ਨਹੀਂ ਕੀਤਾ ਅਤੇ ਹਰੀ ਦੇ ਭੈ ਬਿਨਾ ਕੋਈ ਵੀ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਉਤਰ ਸਕਿਆ {ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ੪੬੫}। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਭੈ ਤੇ ਹਰੀ ਦਾ ਪ੍ਰੇਮ ਪ੍ਰੀਤ ਉਸੇ ਮਨੁੱਖ ਦੇ ਮਨ ਵਿਚ ਲਗਦੇ ਹਨ, (ਹੇ ਪ੍ਰਭੂ!) ਜਿਸ ਨੂੰ ਤੂੰ ਅਪਣੀ ਕ੍ਰਿਪਾ ਕਰਦਾ ਹੈਂ। (ਅਖੀਰ ਵਾਲੀ ਤੁਕ ਦੇ ਅਰਥ ਉਪਰ ਹੋ ਚੁੱਕੇ ਹਨ)।੪।੩।

ਪਦਾਰਥ = ਭੰਡਾਰ–ਖਜਾਨੇ। ਅਸੰਖ–ਅਣਗਿਣਤ। ਸੁਆਮੀ–ਹੇ ਮਾਲਕ ਪ੍ਰਭੂ!। ਤਿਸੁ ਮਿਲਹਿ–ਉਸ ਨੂੰ ਮਿਲਦੇ ਹਨ। ਜਿਸ ਕੈ–

ਜਿਸ ਮਨੁੱਖ ਦੇ। ਮਸਤਕਿ–ਮੱਥੇ ਉਤੇ। ਹਿਰਦੈ–ਹਿਰਦੇ ਵਿਚ। ਟਿਕਹਿ–ਠਹਿਰਦੇ ਹਨ। ਅੰਤਰਿ–ਹਿਰਦੇ ਅੰਦਰ। ਭਉ–ਡਰ। ਭਾਉ–ਪ੍ਰੇਮ। ਭਾਵਨੀ–ਸ਼ਰਧਾ। ਤਿਸਹਿ–ਉਸ ਨੂੰ।੪।੩।

ਉਥਾਨਕਾ = ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ੧੯ ਵਾਰ ਹਰਿ ਦੁਆਰ ਤੀਰਥ ਦੀ ਯਾਤਰਾ ਤੇ ਜਾਂਦੇ ਰਹੇ ਹਨ। ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆ ਕੇ ਗੁਰਮਤਿ ਧਾਰਨ ਕਰਨ ਨਾਲ ਉਨ੍ਹਾਂ ਦੇ ਅੰਦਰੋਂ ਤੀਰਥ ਯਾਤਰਾ ਦਾ ਖਿਆਲ ਮਿਟ ਗਿਆ। ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ। ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ। (ਸੂਹੀ ਮਃ ੩ ਅੰਗ ੭੫੩)। ਗੁਰੂ ਬਣਨ ਤੋਂ ਬਾਦ ਫਿਰ ਉਨ੍ਹਾਂ ਤੀਰਥਾਂ ਦੀ ਗੁਰੂ ਅਮਰਦਾਸ ਜੀ ਨੇ ਯਾਤਰਾ ਕੀਤੀ, ਪਰ ਹੁਣ ਮੰਤਵ ਕੁਛ ਹੋਰ ਸੀ। ਗੁਰੂ ਜੀ ਦਾ ਮੰਤਵ ਇਨ੍ਹਾਂ ਸ਼ਬਦਾਂ ਵਿਚ ਸਾਫ ਹੈ। ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ। (ਅੰਗ ੧੧੧੬)। ਭਾਵ ਲੋਕਾਂ ਦਾ ਉਧਾਰ ਕਰਨ ਵਾਸਤੇ ਗੁਰੂ ਜੀ ਨੇ ਤੀਰਥ ਯਾਤਰਾ ਕੀਤੀ ਸੀ ਅਤੇ ਲੋਕਾਂ ਨੂੰ ਸਿੱਖ ਧਰਮ ਨਾਲ ਨਾਲ ਜੋੜਨ ਦਾ ਉਦਮ ਸੀ।

ਉਨ੍ਹੀਂ ਦਿਨੀ ਅਕਬਰ ਦੀ ਸਰਕਾਰ ਵੱਲੋਂ ਹਿੰਦੂ ਯਾਤਰੀਆਂ ਪਾਸੋਂ ਮਸੂਲ ਲਿਆ ਜਾਂਦਾ ਸੀ, ਪਰ ਇਸ ਮੌਕੇ ਤੇ ਅਕਬਰ ਵੱਲੋਂ ਗੁਰੂ ਦੀਆਂ ਸੰਗਤਾਂ ਲਈ ਮਸੂਲ ਦੇਣ ਵਿਚ ਛੋਟ ਲਗਾ ਦਿਤੀ ਸੀ, ਜਿਵੇਂ ਗੈਰ ਹਿੰਦੂਆਂ ਨੂੰ ਮਸੂਲ ਦੀ ਮਾਫੀ ਸੀ। ਇਸ ਰਿਆਇਤ ਤੋਂ ਫਾਇਦਾ ਉਠਾ ਕੇ ਹੋਰ ਹਿੰਦੂ ਲੋਕ ਵੀ ਸਿਖ ਹੋਣ ਦਾ ਦਾਅਵਾ ਕਰਕੇ ਬਿਨਾ ਮਸੂਲ ਦਿਤੇ ਪਾਰ ਲੰਘ ਜਾਂਦੇ ਸਨ। ਸਿੱਟਾ ਇਹ ਨਿਕਲਿਆ ਕਿ ਮਸੂਲੀਆਂ ਨੂੰ ਇਕ ਕੌਡੀ ਵੀ ਗੋਲਕ ਵਿਚ ਨਾ ਪਈ। (ਸ਼ਬਦਾਰਥ)

ਤੁਖਾਰੀ ਮਹਲਾ ੪ ॥ ਨਾਵਣੁ ਪੁਰਬੁ ਅਭੀਚੁ ,ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ, ਅਗਿਆਨੁ ਅੰਧੇਰੁ ਗਇਆ ॥ ਗੁਰ ਦਰਸੁ ਪਾਇਆ ਅਗਿਆਨੁ ਗਵਾਇਆ, ਅੰਤਰਿ ਜੋਤਿ ਪ੍ਰਗਾਸੀ ॥ ਜਨਮ ਮਰਣ ਦੁਖ ਖਿਨ ਮਹਿ ਬਿਨਸੇ, ਹਰਿ ਪਾਇਆ ਪ੍ਰਭੁ ਅਬਿਨਾਸੀ ॥ ਹਰਿ ਆਪਿ ਕਰਤੈ ਪੁਰਬੁ ਕੀਆ, ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥ ਨਾਵਣੁ ਪੁਰਬੁ ਅਭੀਚੁ ,ਗੁਰ ਸਤਿ ਗੁਰ ਦਰਸੁ ਭਇਆ ॥੧॥ (ਅਭਿਜਿੱਤ ਪੁਰਬ ਸਮੇਂ ਕੁਰਛੇਤਰ ਦੇ ਤੀਰਥ ਵਿਖੇ ਸੰਗਤਾਂ ਨੂੰ ਜਦ) ਪੂਜਨੀਕ ਸਤਿਗੁਰੂ (ਅਮਰਦਾਸ ਜੀ ਦਾ) ਦਰਸ਼ਨ ਹੋਇਆ ਹੈ, (ਤਾਂ ਗੁਰੂ ਦਾ ਦਰਸ਼ਨ ਹੀ ਸੰਗਤ ਵਾਸਤੇ) ਤੀਰਥ ਇਸ਼ਨਾਨ ਅਤੇ ਅਭੀਜ ਨਛੱਤ੍ਰ ਦਾ ਪੁਰਬ ਹੈ। (ਸਤਿਗੁਰੂ ਦਾ ਦਰਸ਼ਨ ਕਰਨ ਨਾਲ ਸੰਗਤ ਦੀ) ਖੋਟੀ ਮੱਤ ਦੀ ਮੈਲ ਦੂਰ ਹੋ ਗਈ ਅਤੇ (ਉਨ੍ਹਾਂ ਦਾ) ਅਗਿਆਨ ਰੂਪ ਹਨ੍ਹੇਰਾ ਵੀ ਦੂਰ ਹੋ ਗਿਆ ਹੈ। (ਜਿਸ ਮਨੁੱਖ ਨੇ ਸ਼ਰਧਾ ਨਾਲ) ਗੁਰੂ ਦਾ ਦਰਸ਼ਨ ਪ੍ਰਾਪਤ ਕੀਤਾ ਹੈ, (ਉਸ ਨੇ) ਅਗਿਆਨ ਦੂਰ ਕਰ ਲਿਆ ਹੈ ਅਤੇ (ਉਸ ਦੇ) ਹਿਰਦੇ ਅੰਦਰ ਪ੍ਰਭੂ ਦੀ ਜੋਤ ਦਾ ਪ੍ਰਕਾਸ਼ ਹੋ ਗਿਆ ਹੈ। (ਉਸ ਨੇ) ਨਾਸ਼ ਰਹਿਤ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ, (ਜਿਸ ਕਰਕੇ ਉਸ ਦੇ) ਜਨਮ ਮਰਣ ਦੇ ਦੁਖ ਇਕ ਖਿਨ ਵਿਚ ਨਾਸ਼ ਹੋ ਗਏ ਹਨ। ਰਚਨਹਾਰ ਹਰੀ ਨੇ ਆਪ ਹੀ (ਲੋਕਾਂ ਵਾਸਤੇ ਸਤਿਗੁਰੂ ਦੇ ਦਰਸ਼ਨ ਕਰਨ ਦਾ ਇਹ) ਪਵਿਤ੍ਰ ਦਿਨ ਬਣਾ ਦਿਤਾ ਹੈ, (ਲੋਕਾਂ ਦਾ ਉਧਾਰ ਕਰਨ ਲਈ ਅਮਰਦਾਸ) ਸਤਿ ਗੁਰੂ ਜੀ ਇਸ਼ਨਾਨ ਦੇ ਸਮੇਂ ਕੁਰਛੇਤਰ ਵਿਖੇ ਗਏ ਸਨ। ਅਖੀਰਲੀ ਤੁਕ ਦਾ ਅਰਥ ਪਹਿਲੀ ਤੁਕ ਵਿਚ ਹੋ ਚੁੱਕਾ ਹੈ)।੧।

ਪਦਾਰਥ = ਨਾਵਣੁ–ਤੀਰਥ ਇਸ਼ਨਾਨ। ਪੁਰਬੁ–ਸੰਗ੍ਰਾਂਦ, ਮੱਸਿਆ, ਪੁੰਨਿਆ ਤੇ ਸੂਰਜ ਗ੍ਰਹਿਣ ਆਦਿ ਤਿਉਹਾਰਾਂ ਦੇ ਦਿਨ। ਗੁਰ ਸਤਿਗੁਰ–ਪੂਜਨੀਕ ਸਤਿਗੁਰੂ ਦਾ। ਦਰਸੁ–ਦਰਸ਼ਨ। ਭਇਆ–ਹੋਇਆ। ਦੁਰਮਤਿ–ਖੋਟੀ ਮੱਤ। ਹਰੀ–ਦੂਰ ਹੋ ਗਈ। ਅਗਿਆਨੁ–ਆਤਮਕ ਜੀਵਨ ਵੱਲੋਂ ਬੇਸਮਝੀ। ਅੰਧੇਰੁ–ਅਨ੍ਹੇਰਾ। ਅੰਤਰਿ–ਹਿਰਦੇ ਅੰਦਰ। ਪ੍ਰਗਾਸੀ–ਪ੍ਰਗਟ ਹੋ ਗਈ। ਖਿਨ ਮਹਿ–ਇਕ ਖਿਨ ਵਿਚ। ਬਿਨਸੇ–ਨਾਸ਼ ਹੋ ਗਏ। ਅਬਿਨਾਸੀ–ਨਾਸ਼ ਰਹਿਤ। ਆਪਿ ਕਰਤੈ–ਕਰਤਾਰ ਨੇ ਆਪ ਹੀ। ਕੁਲਖੇਤਿ–ਕੁਰਛੇਤਰ ਵਿਖੇ।੧।

ਅਭੀਚੁ = ਅਭਿਜਿਤ ਨਛੱਤ੍ਰ ਸਮੇਂ ਮੱਸਿਆ ਤੇ ਏਕਮ ਸ਼ੁਦੀ ਦਾ ਇਕੱਠੇ ਹੋਣ ਤੇ ਸੂਰਜ ਗ੍ਰਹਿਣ ਲੱਗਣਾ (ਇਸ ਪੁਰਬ ਸਮੇਂ ਲੋਕ ਕੁਰਛੇਤਰ ਆਦਿ ਤੀਰਥਾਂ ਤੇ ਇਸ਼ਨਾਨ ਕਰਨ ਨੂੰ ਬਹੁਤ ਪੁੰਨ ਸਮਝਦੇ ਹਨ ਅਤੇ ਪਾਪ ਨਸ਼ਟ ਹੋਏ ਸਮਝਦੇ ਹਨ। ਇਸ ਸਮੇਂ ਸੂਰਮੇ ਦਾ ਵੈਰੀਆਂ ਤੇ ਜਿੱਤ ਪਾਉਣਾ ਵੀ ਮੰਨਿਆ ਜਾਂਦਾ ਹੈ)।

ਮਾਰਗਿ ਪੰਥਿ ਚਲੇ ਗੁਰ, ਸਤਿਗੁਰ ਸੰਗਿ ਸਿਖਾ ॥ ਅਨਦਿਨੁ ਭਗਤਿ ਬਣੀ, ਖਿਨੁ ਖਿਨੁ ਨਿਮਖ ਵਿਖਾ ॥ ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ, ਸਭੁ ਲੋਕੁ ਵੇਖਣਿ ਆਇਆ ॥ ਜਿਨ ਦਰਸੁ ਸਤਿਗੁਰ ਗੁਰੂ ਕੀਆ, ਤਿਨ ਹਰਿ ਆਪਿ ਮੇਲਾਇਆ ॥ ਤੀਰਥ ਉਦਮੁ

ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ ॥ ਮਾਰਗਿ ਪੰਥਿ ਚਲੇ ਗੁਰ, ਸਤਿਗੁਰ ਸੰਗਿ ਸਿਖਾ ॥੨॥ (ਹੇ ਭਾਈ!) ਗੁਰੂ (ਅਮਰ ਦਾਸ ਜੀ ਲੋਕਾਂ ਦਾ ਉਧਾਰ ਕਰਨ ਵਾਸਤੇ ਤੀਰਥਾਂ ਦੇ) ਰਸਤੇ ਤੇ ਚੱਲ ਪਏ, (ਅਨੇਕਾਂ) ਸਿੱਖ ਸਤਿਗੁਰੂ ਦੇ ਨਾਲ ਉਸ ਰਸਤੇ ਤੇ ਤੁਰ ਪਏ।(ਇਸ ਯਾਤਰਾ ਵਿਚ) ਹਰ ਰੋਜ ਪੈਰ ਪੈਰ ਤੇ ਹਰੇਕ ਖਿਨ, ਹਰੇਕ ਪਲ ਪ੍ਰਭੂ ਭਗਤੀ ਦਾ ਬਣੀ ਰਹਿੰਦੀ ਸੀ (ਕਥਾ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਸੀ)। ਪ੍ਰਭੂ ਦੀ ਭਗਤੀ ਦਾ ਸਮਾਂ ਬਣਿਆ ਰਹਿੰਦਾ ਸੀ, (ਤੀਰਥ ਤੇ ਇਕੱਠਾ ਹੋਇਆ) ਸਾਰਾ ਜਗਤ ਹੀ ਸਤਿਗੁਰੂ ਦੇ ਦਰਸ਼ਨ ਕਰਨ ਆਇਆ ਰਹਿੰਦਾ ਸੀ। ਜਿਨ੍ਹਾਂ ਪੁਰਖਾਂ ਨੇ ਪੂਜਨੀਕ ਸਤਿਗੁਰੂ ਦਾ ਦਰਸ਼ਨ ਕੀਤਾ ਸੀ, ਉਨ੍ਹਾਂ ਨੂੰ ਹਰੀ ਨੇ ਆਪ ਹੀ ਅਪਣੇ ਨਾਲ ਮਿਲਾ ਲਿਆ ਸੀ। ਸਾਰੇ ਲੋਕਾਂ ਦਾ ਉਧਾਰ ਕਰਨ ਵਾਸਤੇ ਸਤਿਗੁਰੂ (ਅਮਰਦਾਸ) ਜੀ ਨੇ ਤੀਰਥਾਂ ਤੇ ਜਾਣ ਦਾ ਉਦਮ ਕੀਤਾ ਹੈ।(ਅਖੀਰਲੀ ਤੁਕ ਦੇ ਅਰਥ ਉਪਰ ਹੋ ਚੁਕੇ ਹਨ)।੨।

ਪਦਾਰਥ = ਮਾਰਗਿ–ਰਸਤੇ ਉਤੇ। ਪੰਥਿ–ਰਸਤੇ ਉਤੇ। ਸਤਿਗੁਰ ਸੰਗਿ–ਸਤਿਗੁਰੂ ਦੇ ਨਾਲ। ਸਿਖਾ (ਸਿੱਖਾਂ ਪੜ੍ਹੋ)–ਅਨੇਕਾਂ ਸਿਖ। ਅਨਦਿਨੁ–ਹਰ ਰੋਜ। ਖਿਨੁ ਖਿਨੁ–ਹਰੇਕ ਪਲ। ਨਿਮਖ–ਅੱਝ ਝਮਕਣ ਜਿੰਨਾ ਸਮਾਂ। ਵਿਖਾ–ਕਦਮ। ਕੇਰੀ–ਦੀ। ਸਭੁ ਲੋਕੁ–(ਤੀਰਥ ਤੇ ਇਕੱਠੇ ਹੋਏ) ਸਾਰੇ ਲੋਕ ਦਾ ਸਮਦਾਇ। ਜਿਨ–ਜਿਨ੍ਹਾਂ ਨੇ। ਦਰਸੁ–ਦਰਸ਼ਨ। ਤਿਨ–ਉਨ੍ਹਾਂ ਨੂੰ। ਸਭ ਲੋਕਾ–ਸਾਰੇ ਲੋਕਾਂ ਦਾ। ਉਧਰਣ ਅਰਥਾ–ਉਧਾਰ ਕਰਨ ਵਾਸਤੇ।੨।

ਪ੍ਰਥਮ ਆਏ ਕੁਲਖੇਤਿ ਗੁਰ, ਸਤਿਗੁਰ ਪੁਰਬੁ ਹੋਆ ॥ ਖਬਰਿ ਭਈ ਸੰਸਾਰਿ, ਆਏ ਤ੍ਰੈ ਲੋਆ ॥ ਦੇਖਣਿ ਆਏ ਤੀਨਿ ਲੋਕ, ਸੁਰਿ ਨਰ ਮੁਨਿ ਜਨ ਸਭਿ ਆਇਆ ॥ ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ, ਤਿਨ ਕੇ ਕਿਲਵਿਖ ਨਾਸ ਗਵਾਇਆ ॥ ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ, ਕਰਿ ਗਏ ਗੋਸਟਿ ਢੋਆ ॥ ਪ੍ਰਥਮ ਆਏ ਕੁਲਖੇਤਿ ਗੁਰ, ਸਤਿਗੁਰ ਪੁਰਬੁ ਹੋਆ ॥੩॥ (ਹੇ ਭਾਈ! ਅਮਰਦਾਸ) ਗੁਰੂ ਜੀ ਪਹਿਲਾਂ ਕੁਰੁਖੇਤ੍ਰ ਵਿਖੇ ਆਏ, ਸਤਿਗੁਰੂ ਦੇ (ਉਥੇ ਪਹੁੰਚਣ ਕਰਕੇ ਲੋਕਾਂ ਵਾਸਤੇ) ਪੁਰਬ ਵਾਲਾ ਦਿਨ ਹੋ ਗਿਆ। (ਗੁਰੂ ਅਮਰਦਾਸ ਜੀ ਦੇ ਆਉਣ ਦੀ) ਖਬਰ ਸਾਰੇ ਸੰਸਾਰ ਵਿਚ ਹੋ ਗਈ, ਤਿੰਨਾਂ ਲੋਕਾਂ ਦੇ ਜੀਵ (ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ) ਆਏ। ਤਿੰਨਾਂ ਲੋਕਾਂ ਦੇ ਜੀਵ ਗੁਰੂ ਜੀ ਦਾ ਦਰਸ਼ਨ ਕਰਨ ਵਾਸਤੇ ਆਏ, ਦੈਵੀ ਗੁਣਾਂ ਵਾਲੇ ਪੁਰਖ, ਮੁਨੀ ਤੇ ਸਾਰੇ ਭਗਤ ਜਨ (ਗੁਰੂ ਜੀ ਦਾ ਦਰਸ਼ਨ ਕਰਨ) ਆਏ। ਜਿਨ੍ਹਾਂ ਪੁਰਖਾਂ ਨੇ ਪੂਜਨੀਕ ਪੂਰੇ ਸਤਿਗੁਰੂ ਦੇ ਚਰਨਾਂ ਨੂੰ ਪਰਸਿਆ ਹੈ ,(ਗੁਰੂ ਜੀ ਨੇ) ਉਨ੍ਹਾਂ ਦੇ ਪਾਪ ਨਾਸ਼ ਕਰ ਦਿਤੇ, ਔਗਣ ਦੂਰ ਕਰ ਦਿਤੇ ਹਨ। ਜੋਗੀ, ਨਾਂਗੇ, ਸੰਨਿਆਸੀ ਅਤੇ ਛੇ ਭੇਖਾਂ ਦੇ ਸਾਧੂ (ਗੁਰੂ ਜੀ ਅੱਗੇ) ਭੇਟਾ ਰੱਖ ਕੇ ਵਿਚਾਰਾਂ ਕਰਕੇ ਚਲੇ ਗਏ।(ਅਖੀਰ ਵਾਲੀ ਤੁਕ ਦਾ ਅਰਥ ਉਪਰ ਹੋ ਗਿਆ ਹੈ)।੩।

ਪਦਾਰਥ = ਪ੍ਰਥਮ–ਪਹਿਲਾਂ। ਕੁਲਖੇਤਿ–ਕੁਰੂਖੇਤ੍ਰ ਵਿਖੇ। ਪੁਰਬੁ ਹੋਆ–ਪਵਿਤ੍ਰ ਦਿਨ ਹੋ ਗਿਆ। ਭਈ–ਹੋ ਗਈ। ਸੰਸਾਰਿ–ਸੰਸਾਰ ਵਿਚ। ਤ੍ਰੈ ਲੋਆ–ਤਿੰਨ ਲੋਕਾਂ ਦੇ ਜੀਵ (ਬੇਅੰਤ ਲੋਕ); ਤਿੰਨ (ਰਜੋ, ਸਤੋ ਤੇ ਤਮੋ) ਗੁਣਾਂ ਵਾਲੇ ਮਨੁੱਖ। ਤੀਨਿ ਲੋਕ–ਤਿੰਨ (ਧਰਤੀ, ਪਤਾਲ ਤੇ ਅਕਾਸ਼ ਦੇ) ਲੋਕ। ਸੁਰਿ ਨਰ–ਦੈਵੀ ਗੁਣਾਂ ਵਾਲੇ ਪੁਰਖ। ਮੁਨਿ–ਰਿਸ਼ੀ ਮੁਨੀ। ਜਨ ਸਭਿ–ਸਾਰੇ ਭਗਤ। ਜਿਨ–ਜਿਨ੍ਹਾਂ ਨੇ । ਪਰਸਿਆ–ਚਰਨ ਪਰਸੇ। ਤਿਨ ਕੇ–ਉਨ੍ਹਾਂ ਦੇ। ਕਿਲਵਿਖ–ਪਾਪ। ਗਵਾਇਆ–ਦੂਰ ਕਰ ਦਿਤੇ। ਦਿਗੰਬਰ–ਨਾਂਗੇ। ਖਟ ਦਰਸਨ–ਛੇ ਭੇਖ (ਜੋਗੀ, ਸੰਨਿਆਸੀ, ਜੰਗਮ, ਬੋਧੀ, ਬੈਰਾਗੀ ਤੇ ਸਰਵੜੇ)। ਕਰਿ ਗੋਸਟਿ–ਵਿਚਾਰ ਕਰਕੇ। ਢੋਆ–ਭੇਟਾ।੩।

ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ ॥ ਜਾਗਾਤੀ ਮਿਲੇ ਦੇ ਭੇਟ, ਗੁਰ ਪਿਛੈ ਲੰਘਾਇ ਦੀਆ ॥ ਸਭ ਛੁਟੀ ਸਤਿਗੁਰੂ ਪਿਛੈ, ਜਿਨਿ ਹਰਿ ਹਰਿ ਨਾਮੁ ਧਿਆਇਆ ॥ ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ, ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ ਸਭ ਗੁਰੂ ਗੁਰੂ ਜਗਤੁ ਬੋਲੈ, ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥ ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ ॥੪॥ (ਹੇ ਭਾਈ! ਗੁਰੂ ਅਮਰਦਾਸ ਜੀ ਕੁਰੂਖੇਤ੍ਰ ਤੋਂ ਬਾਦ) ਦੂਜੀ ਜਗ੍ਹਾ ਜਮਨਾ ਨਦੀ ਤੇ ਪਹੁੰਚ ਗਏ, ਗੁਰੂ ਜੀ ਨੇ ਹਰੀ ਦਾ ਜਾਪ ਕੀਤਾ (ਅਤੇ ਸੰਗਤ ਤੋਂ ਵੀ ਹਰੀ ਦਾ ਨਾਮ ਜਪਾਇਆ। ਜਮਨਾ ਪਾਰ ਕਰਨ ਸਮੇਂ) ਮਸੂਲ ਲੈਣ ਵਾਲੇ ਭੇਟਾ ਦੇ ਕੇ (ਗੁਰੂ ਜੀ ਨੂੰ) ਮਿਲੇ, (ਮਸੂਲ ਲੈਣ ਵਾਲਿਆਂ ਨੇ ਮਸੂਲ ਲਏ ਬਿਨਾ ਸਾਰੀ ਸੰਗਤ ਨੂੰ) ਗੁਰੂ ਜੀ ਦੇ ਪਿਛੇ (ਜਮਨਾ ਨਦੀ ਤੋਂ ਪਾਰ) ਲੰਘਾ ਦਿਤਾ। (ਹੇ ਭਾਈ!) ਜਿਸ ਜਿਸ ਮਨੁੱਖ ਨੇ ਹਰੀ ਦਾ ਨਾਮ ਧਿਆਇਆ, ਸਾਰੀ ਸੰਗਤ ਸਤਿਗੁਰੂ ਜੀ ਦੇ ਪਿੱਛੇ ਲਗ ਕੇ (ਮਸੂਲ ਦੇਣ ਤੋਂ) ਛੁਟ ਗਈ ਸੀ। (ਇਸੇ ਤਰ੍ਹਾਂ) ਜੋ ਮਨੁੱਖ ਗੁਰੂ ਜੀ ਦੇ ਬਚਨਾਂ ਅਨੁਸਰ (ਗੁਰੂ ਜੀ ਦੇ ਦੱਸੇ) ਰਸਤੇ ਉਤੇ ਰਾਹੀ

ਹੋ ਕੇ ਚੱਲੇ ਹਨ, ਜਮ ਮਸੂਲੀਆ ਉਨ੍ਹਾਂ ਦੇ ਨੇੜੇ ਨਹੀਂ ਆਇਆ। ਸਾਰਾ ਜਗਤ ਹੀ ਧੰਨ ਗੁਰੂ ਧੰਨ ਗੁਰੂ ਬੋਲਦਾ ਹੈ। ਗੁਰੂ ਦੇ ਦੱਸੇ ਨਾਮ ਲੈਣ ਕਰਕੇ ਸਾਰੇ ਲੋਕਾਂ ਦਾ ਮਸੂਲ ਛੁਟ (ਬਚ) ਗਿਆ। ਅਖੀਰ ਵਾਲੀ ਤੁਕ ਦਾ ਅਰਥ ਉਪਰ ਹੋ ਚੁੱਕਾ ਹੈ।੪।

ਪਦਾਰਥ = ਦੁਤੀਆ–ਦੂਜੀ ਜਗ੍ਹਾ। ਜਮੁਨ–ਜਮਨਾ ਨਦੀ ਤੇ। ਗੁਰਿ–ਗੁਰੂ ਨੇ। ਜਪਨੁ ਕੀਆ–ਜਾਪ ਕੀਤਾ। ਜਾਗਾਤੀ–ਸਰਕਾਰੀ ਮਸੂਲ (ਟੈਕਸ) ਉਗਰਾਹੁਣ ਵਾਲੇ। ਦੇ–ਦੇ ਕੇ। ਭੇਟ–ਭੇਟਾ। ਸਭ–ਸਾਰੀ ਸੰਗਤ। ਛੁਟੀ–(ਮਸੂਲ ਦੇਣ ਤੋਂ) ਛੁਟ (ਬਚ) ਗਈ। ਜਿਨਿ–ਜਿਸ (ਮਨੁੱਖ) ਨੇ। ਬਚਨਿ–ਬਚਨਾਂ ਅਨੁਸਾਰ। ਗੁਰ ਮਾਰਗਿ–ਗੁਰੂ ਦੇ ਦੱਸੇ ਰਸਤੇ ਉਤੇ। ਪੰਥਿ–ਪੰਥੀ (ਰਸਤੇ ਤੇ ਚਲਣ ਵਾਲੇ ਰਾਹੀ)। ਚਾਲੇ–ਚਲਦੇ ਹਨ। ਤਿਨ ਨੇੜਿ–ਉਨ੍ਹਾਂ ਦੇ ਨੇੜੇ। ਜਮੁ ਜਾਗਾਤੀ–(ਕੀਤੇ ਪਾਪ ਕਰਮਾਂ ਦਾ) ਮਸੂਲ ਲੈਣ ਵਾਲਾ ਜਮ। ਸਭੁ ਜਗਤੁ–ਸਾਰਾ ਜਗਤ। ਨਾਇ ਲਇਐ–ਨਾਮ ਲੈਣ ਕਰਕੇ। ਸਭਿ–ਸਾਰੇ ਲੋਕਾਂ ਦਾ। ਛੁਟਕਿ ਗਇਆ–ਛੁਟ (ਬਚ) ਗਿਆ।੪।

ਤ੍ਰਿਤੀਆ ਆਏ ਸੁਰਸਰੀ, ਤਹ ਕਉਤਕੁ ਚਲਤੁ ਭਇਆ ॥ ਸਭ ਮੋਹੀ ਦੇਖਿ ਦਰਸਨੁ ਗੁਰ ਸੰਤ, ਕਿਨੈ ਆਢੁ ਨ ਦਾਮੁ ਲਇਆ ॥ ਆਢੁ ਦਾਮੁ ਕਿਛੁ ਪਇਆ ਨ ਬੋਲਕ, ਜਾਗਾਤੀਆ ਮੋਹਣ ਮੁੰਦਣਿ ਪਈ ॥ ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ, ਸਭ ਭਾਗਿ ਸਤਿਗੁਰ ਪਿਛੈ ਪਈ ॥ (ਗੁਰੂ ਅਮਰਦਾਸ ਜੀ) ਤੀਜੇ ਪੜਾ ਗੰਗਾ ਤੇ ਆਏ, ਉਥੇ ਅਸਚਰਜ ਕੌਤਕ ਹੋਇਆ। ਸੰਤ ਗੁਰੂ ਦਾ ਦਰਸ਼ਨ ਕਰਕੇ ਸਾਰੀ ਲੋਕਾਈ ਮੋਹਤ ਹੋ ਗਈ ਅਤੇ ਕਿਸੇ ਮਸੂਲੀਏ ਨੇ (ਕਿਸੇ ਯਾਤ੍ਰੀ ਪਾਸੋਂ) ਅੱਧੀ ਕੌਡੀ ਮਸੂਲ ਨਹੀਂ ਲਿਆ। ਗੋਲਕ ਵਿਚ ਅੱਧੀ ਕੌਡੀ ਮਸੂਲ ਕੁਛ ਵੀ ਨਹੀਂ ਪਿਆ, ਮਸੂਲੀਆਂ ਦੇ ਮੂੰਹ ਬੰਦ ਹੋ ਪਏ (ਉਹ ਬੋਲਣ ਜੋਗੇ ਨ ਰਹੇ। ਉਹ ਕਹਿਣ ਲੱਗੇ ਕਿ) ਹੇ ਭਾਈ! ਅਸੀਂ ਹੁਣ ਕੀ ਕਰੀਏ, ਕਿਸ ਪਾਸੋਂ (ਮਸੂਲ) ਮੰਗੀਏ? (ਕਿਉਂਕਿ) ਸਾਰੀ ਲੋਕਾਈ ਭੱਜ ਕੇ ਸਤਿਗੁਰੂ ਦੇ ਪਿਛੇ ਚਲ ਪਈ ਹੈ (ਸਤਿਗੁਰੂ ਦੀ ਸ਼ਰਨ ਵਿਚ ਜਾ ਪਈ ਹੈ)।

ਅੰਗ ੧੧੧੭ = ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ, ਭੰਨਿ ਬੋਲਕਾ ਸਭਿ ਉਠਿ ਗਇਆ ॥ ਤ੍ਰਿਤੀਆ ਆਏ ਸੁਰਸਰੀ, ਤਹ ਕਉਤਕੁ ਚਲਤੁ ਭਇਆ ॥੫॥ ਮਸੂਲੀਆਂ ਨੇ ਕਈ ਜਤਨ ਕੀਤੇ, ਸਿਆਣਪ ਨਾਲ ਵਿਚਾਰ ਕਰਕੇ ਦੇਖ ਲਿਆ (ਕਿ ਇਥੇ ਸਾਡੀ ਕੋਈ ਪੇਸ਼ ਨਹੀਂ ਚਲਦੀ, ਇਸ ਲਈ) ਗੋਲਕਾਂ ਬੰਦ ਕਰਕੇ ਸਾਰੇ ਮਸੂਲੀਏ ਉਠ ਕੇ ਚਲੇ ਗਏ। ਅਗਲੀ ਤੁਕ ਦਾ ਅਰਥ ਉਪਰ ਹੋ ਚੁੱਕਾ ਹੈ।੫।

ਪਦਾਰਥ = ਤ੍ਰਿਤੀਆ–ਤੀਜੇ ਪੜਾ ਉਤੇ। ਸੁਰਸਰੀ–ਗੰਗਾ। ਤਹ–ਉਥੇ (ਗੰਗਾ ਤੇ)। ਕਉਤਕੁ–ਕੌਤਕ। ਚਲਤੁ–ਅਜੀਬ ਖੇਡ। ਭਇਆ–ਹੋਇਆ। ਸਭ–ਸਾਰੀ ਲੋਕਾਈ। ਮੋਹੀ–ਮੋਹਤ ਹੋ ਗਈ। ਕਿਨੈ–(ਕਿਸੇ ਵੀ ਮਸੂਲੀਏ) ਨੇ। ਆਢੁ ਦਾਮੁ–ਅੱਧੀ ਕੌਡੀ। ਬੋਲਕ–ਗੋਲਕ। ਜਾਗਾਤੀਆ–ਟੈਕਸ ਉਗਰਾਹੁਣ ਵਾਲੇ ਸਰਕਾਰੀ ਨੌਕਰ। ਮੋਹਣ–ਮੂੰਹ। ਮੁੰਦਣਿ ਪਈ–ਮੁੰਦ (ਬੰਦ) ਹੋ ਪਏ। ਭਾਈ–ਹੇ ਭਾਈ!। ਹਮ–ਅਸੀਂ। ਕਿਆ ਕਰਹ–ਕੀਰਏ। ਮਾਂਗਹ–ਅਸੀਂ ਮੰਗੀਏ। ਭਾਗਿ–ਦੌੜ ਕੇ। ਪਿਛੈ ਪਈ–ਪਿਛੇ ਚਲ ਪਈ। ਉਪਾਵ–ਜਤਨ। ਕਰਿ–ਕਰਕੇ। ਡਿਠਾ–ਦੇਖ ਲਿਆ। ਭਨਿ ਬੋਲਕਾ–ਗੋਲਕਾਂ ਬੰਦ ਕਰਕੇ। ਉਠਿ–ਉਠ ਕੇ।੫।

ਮਿਲਿ ਆਏ ਨਗਰ ਮਹਾ ਜਨਾ, ਗੁਰ ਸਤਿਗੁਰ ਓਟ ਗਹੀ ॥ ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ, ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ, ਸੁਕਿ ਪ੍ਰਹਿਲਾਦਿ ਸ੍ਰੀ ਰਾਮਿ, ਕਰਿ ਗੁਰ ਗੋਵਿਦੁ ਧਿਆਇਆ ॥ ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ, ਤਿਨ ਕਾ ਥਾਉ ਥੇਹੁ ਗਵਾਇਆ ॥ ਕੀਰਤਨ ਪੁਰਾਣ ਨਿਤ ਪੁੰਨ ਹੋਵਹਿ, ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ ਮਿਲਿ ਆਏ ਨਗਰ ਮਹਾ ਜਨਾ, ਗੁਰ ਸਤਿਗੁਰ ਓਟ ਗਹੀ ॥੬॥੪॥੧੦॥ (ਹੇ ਭਾਈ! ਹਰਿਦੁਆਰ) ਨਗਰ ਦੇ ਵੱਡੇ ਮਨੁੱਖ ਮਿਲ ਕੇ (ਭੇਟਾ ਲੈ ਕੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ) ਆਏ, (ਉਨ੍ਹਾਂ ਸਾਰਿਆਂ ਨੇ) ਪੂਜਨੀਕ ਸਤਿਗੁਰੂ ਦੀ ਓਟ ਫੜੀ। (ਉਨ੍ਹਾਂ ਨੇ) ਪੂਜਨੀਕ ਸਤਿਗੁਰੂ ਪਾਸੋਂ ਪੁੱਛ ਕੇ ਠੀਕ ਨਿਰਣਾ ਕੀਤਾ ਕਿ ਪੂਜਨੀਕ ਪ੍ਰਭੂ ਨੂੰ ਜਪਣਾ ਹੀ ਸਿਮ੍ਰਤੀ ਹੈ। ਸਾਰੇ ਮਹਾਂ ਪੁਰਖਾਂ ਨੇ ਸਿਮ੍ਰਤੀਆਂ ਤੇ ਸ਼ਾਸਤ੍ਰਾਂ ਦੁਆਰਾ ਸਹੀ ਨਿਰਨਾ ਕੀਤਾ ਹੈ ਕਿ ਕਿਵੇਂ ਸੁਕਦੇਵ ਨੇ, ਪ੍ਰਹਿਲਾਦ ਨੇ ਅਤੇ ਸ੍ਰੀ ਰਾਮਚੰਦ੍ਰ ਜੀ ਨੇ ਗੁਰ ਗੋਬਿੰਦ ਗੁਰ ਗੋਬਿੰਦ ਉਚਾਰਨ ਕਰਕੇ ਸਿਮਰਿਆ ਹੈ। (ਸੁਕਦੇਵ, ਪ੍ਰਹਿਲਾਦ ਤੇ ਸ੍ਰੀ ਰਾਮ ਚੰਦ੍ਰ ਆਦਿਕ ਨੇ) ਦੇਹੀ ਨਗਰ ਵਿਚੋਂ, ਦੇਹੀ ਕਿਲ੍ਹੇ ਵਿਚੋਂ ਪੰਜ (ਕਾਮਾਦਿਕ) ਚੋਰ ਤੇ ਲੁਟੇਰਿਆਂ ਨੂੰ ਮਾਰ ਕੇ ਉਨ੍ਹਾਂ ਦਾ ਥਾਂ ਟਿਕਾਣਾ ਗਵਾ ਦਿਤਾ ਹੈ। (ਹੁਣ ਹਰਿਦੁਆਰ ਨਗਰ ਦੇ ਮਹਾਂ ਜਨਾਂ ਨੇ) ਗੁਰੂ ਨਾਨਕ ਜੀ ਦੁਆਰਾ, ਗੁਰੂ ਦੇ ਬਚਨਾਂ ਦੁਆਰਾ ਹਰੀ ਦੀ ਭਗਤੀ ਕਰਨ ਦੀ ਦਾਤ ਪ੍ਰਾਪਤ ਕਰ ਲਈ

ਹੈ, ਨਗਰ ਵਿਚ ਨਿੱਤ ਕੀਰਤਨ ਹੋਣ ਲਗ ਪਏ (ਇਹੋ ਹੀ ਉਨ੍ਹਾਂ ਮਹਾਂ ਜਨਾਂ ਲਈ) ਪੁਰਾਣਾਂ ਦੀ ਕਥਾ ਅਤੇ ਪੁੰਨ ਦਾ ਆਦਿ ਕਰਮ ਹੋ ਗਏ ਸਨ। ਅਖੀਰਲੀ ਤੁਕ ਦੇ ਅਰਥ ਉਪਰ ਹੋ ਚੁੱਕੇ ਹਨ।੬।੪।੧੦।

ਗੁਰੁ ਸਤਿਗੁਰੁ ਗੁਰੁ ਗੋਵਿਦੁ = (ਉਨ੍ਹਾਂ ਮਹਾਂ ਪੁਰਖਾਂ ਨੇ) ਸਿਮ੍ਰਤੀਆਂ ਦੁਆਰਾ ਪੁੱਛ (ਪੜ੍ਹ) ਕੇ ਸਹੀ ਨਿਰਣਾ ਕੀਤਾ ਹੈ ਕਿ ਗੁਰੂ ਸਤਿਗੁਰੂ (ਅਮਰਦਾਸ ਜੀ) ਗੁਰੂ ਗੋਬਿੰਦ ਰੂਪ ਹੈ (ਸੰ.ਸ.; ਫ.ਸ.)।

ਕੀਰਤਨ ਪੁਰਾਣ ਨਿਤ ਪੁੰਨ ਹੋਵਹਿ = (ਪਹਿਲਾਂ ਉਥੇ) ਨਿੱਤ ਕੀਰਤਨ, ਪੁਰਾਣਾਂ ਦੀ ਕਥਾ ਅਤੇ ਪੁੰਨ ਆਦਿ ਹੁੰਦੇ ਸਨ, ਹੁਣ ਗੁਰੂ ਦੇ ਬਚਨਾਂ ਦੁਆਰਾ ਗੁਰੂ ਨਾਨਕ ਤੋਂ ਉਨ੍ਹਾਂ ਨੂੰ ਹਰੀ ਦੀ ਭਗਤੀ ਹੀ ਲੱਭੀ (ਸ਼ਬਦਾਰਥ)

ਪਦਾਰਥ = ਮਿਲਿ–ਮਿਲ ਕੇ। ਮਹ ਜਨਾ–ਵੱਡੇ ਬੰਦੇ। ਗਹੀ–ਫੜ ਲਈ। ਪੁਛਿ–ਪੁੱਛ ਕੇ। ਸਿਮ੍ਰਿਤਿ–ਰਿਖੀਆਂ ਦੇ ਲਿਖੇ ਉਹ ਧਰਮ ਗ੍ਰੰਥ, ਜੋ ਉਨ੍ਹਾਂ ਨੇ ਵੇਦ ਵਾਕਾਂ ਜਾਂ ਬਜੁਰਗਾਂ ਦੇ ਉਪਦੇਸ਼ ਨੂੰ ਚੇਤੇ ਕਰਕੇ ਲਿਖੇ ਹਨ, ਇਨ੍ਹਾਂ ਦੀ ਗਿਣਤੀ ਬਹੁਤ ਹੈ, ਪਰ ਮੁੱਖ ੩੧ ਹਨ (ਮ.ਕੋ.)। ਕੀਤਾ ਸਹੀ–ਠੀਕ ਨਿਰਨਾ ਕੀਤਾ। ਸਭਨੀ–ਸਾਰੇ ਮਹਾਂ ਜਨਾਂ ਨੇ। ਸੁਕਿ–ਸੁਕਦੇਵ ਨੇ। ਪ੍ਰਹਿਲਾਦਿ–ਪ੍ਰਹਲਾਦ ਨੇ। ਸ੍ਰੀ ਰਾਮਿ–ਸ੍ਰੀ ਰਾਮ ਚੰਦ੍ਰ ਨੇ। ਕਰਿ ਗੁਰ ਗੋਵਿਦ–ਗੁਰੂ ਗੋਵਿੰਦ ਉਚਾਰਨ ਕਰਕੇ। ਦੇਹੀ ਨਗਰਿ–ਸਰੀਰ ਨਗਰ ਵਿਚੋਂ। ਕੋਟਿ–ਕਿਲ੍ਹੇ ਵਿਚੋਂ। ਪੰਚ ਚੋਰ–ਕਾਮਾਦਿਕ ਪੰਜ ਚੋਰ। ਪੰਚ ਵਟਵਾਰੇ–ਪੰਜ ਲੁਟੇਰੇ। ਤਿਨ ਕਾ–ਉਨ੍ਹਾਂ ਦਾ। ਥਾਉ ਥੇਹੁ–ਥਾਂ ਟਿਕਾਣਾ। ਨਿਤ–ਹਰ ਰੋਜ। ਪੁੰਨ ਹੋਵਹਿ–ਪੁੰਨ ਕਰਮ ਹੋਣ ਲਗ ਪਏ। ਗੁਰ ਬਚਨਿ–ਗੁਰੂ ਦੇ ਬਚਨਾਂ ਦੁਆਰਾ। ਨਾਨਕਿ–ਗੁਰੂ ਨਾਨਕ ਦੁਆਰਾ। ਭਗਤਿ ਲਹੀ–ਭਗਤੀ ਪ੍ਰਾਪਤ ਕਰ ਲਈ।੬।੪।੧੦।

ਤੁਖਾਰੀ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਘੋਲਿ ਘੁਮਾਈ ਲਾਲਨਾ, ਗੁਰਿ ਮਨੁ ਦੀਨਾ ॥ ਸੁਣਿ ਸਬਦੁ ਤੁਮਾਰਾ, ਮੇਰਾ ਮਨੁ ਭੀਨਾ ॥ ਇਹੁ ਮਨੁ ਭੀਨਾ ਜਿਉ ਜਲ ਮੀਨਾ, ਲਾਗਾ ਰੰਗੁ ਮੁਰਾਰਾ ॥ ਕੀਮਤਿ ਕਹੀ ਨ ਜਾਈ ਠਾਕੁਰ, ਤੇਰਾ ਮਹਲੁ ਅਪਾਰਾ ॥ ਸਗਲ ਗੁਣਾ ਕੇ ਦਾਤੇ ਸੁਆਮੀ, ਬਿਨਉ ਸੁਨਹੁ ਇਕ ਦੀਨਾ ॥ ਦੇਹੁ ਦਰਸੁ ਨਾਨਕ ਬਲਿਹਾਰੀ, ਜੀਅੜਾ ਬਲਿ ਬਲਿ ਕੀਨਾ ॥੧॥ ਹੇ ਪਿਆਰੇ ਪ੍ਰਭੂ! ਮੈਂ ਗੁਰੂ ਦੁਆਰਾ (ਗੁਰੂ ਦੀ ਸ਼ਰਨ ਵਿਚ ਪੈ ਕੇ ਅਪਣਾ) ਮਨ ਤੈਨੂੰ ਦੇ ਦਿਤਾ ਹੈ, ਮੈਂ ਤੈਥੋਂ ਮਨ ਅਤੇ ਤਨ ਕਰਕੇ ਸਦਕੇ ਜਾਂਦਾ ਹਾਂ। ਤੇਰਾ ਸ਼ਬਦ ਸੁਣ ਕੇ ਮੇਰਾ ਮਨ (ਨਾਮ ਰਸ ਵਿਚ) ਭਿੱਜ ਗਿਆ ਹੈ। ਜਿਵੇਂ ਮੱਛੀ ਪਾਣੀ ਤੋਂ ਬਿਨਾ ਨਹੀਂ ਰਹਿ ਸਕਦੀ, (ਇਸੇ ਤਰ੍ਹਾਂ ਨਾਮ ਰਸ ਵਿਚ) ਮੇਰਾ ਇਹ ਮਨ ਭਿੱਜ ਗਿਆ ਹੈ (ਤੂੰ ਹੀ ਮੇਰਾ ਜੀਵਨ ਹੈਂ), ਹੇ ਪ੍ਰਭੂ! ਮੈਨੂੰ ਤੇਰਾ ਪਿਆਰ ਲੱਗ ਗਿਆ ਹੈ। ਹੇ ਮਾਲਕ! ਤੇਰੀ ਕੀਮਤ (ਕਿਸੇ ਪਾਸੋਂ ਵੀ) ਕਹੀ ਨਹੀਂ ਜਾ ਸਕਦੀ, (ਕਿਉਂਕਿ) ਤੇਰਾ ਮਹਿਲ ਪਾਰ ਰਹਿਤ ਹੈ। ਹੇ ਸਾਰੇ ਗੁਣਾਂ ਦੇ ਦਾਤੇ ਮਾਲਕ! ਮੈਂ ਗਰੀਬ ਦੀ ਇਕ ਬੇਨਤੀ ਸੁਣ। ਨਾਨਕ ਤੈਥੋਂ ਬਲਿਹਾਰ ਹੈ, ਮੈਨੂੰ ਅਪਣਾ ਦਰਸ਼ਨ ਦੇਵੋ ਜੀ, ਮੈਂ ਅਪਣਾ ਮਨ ਤੇ ਤਨ (ਤੇਰੇ ਦਰਸ਼ਨਾਂ ਤੋਂ) ਕੁਰਬਾਨ ਕੀਤਾ ਹੈ।੧।

ਪਦਾਰਥ = ਘੋਲਿ (ਘੋਲੀ)–ਮੈਂ ਸਦਕੇ ਹਾਂ। ਘੁਮਾਈ–ਮੈਂ ਕੁਰਬਾਨ ਹਾਂ। ਲਾਲਨਾ–ਹੇ ਪਿਆਰੇ ਪ੍ਰਭੂ!। ਗੁਰਿ–ਗੁਰੂ ਰਾਹੀਂ। ਦੀਨਾ–ਦੇ ਦਿਤਾ ਹੈ। ਸੁਣਿ–ਸੁਣ ਕੇ। ਭੀਨਾ–ਭਿੱਜ ਗਿਆ ਹੈ। ਮੀਨਾ–ਮੱਛੀ। ਰੰਗੁ–ਪਿਆਰ। ਮੁਰਾਰਾ–ਹੇ ਪ੍ਰਭੂ!। ਠਾਕੁਰ–ਹੇ ਮਾਲਕ!। ਅਪਾਰਾ–ਬੇਅੰਤ। ਸਗਲ–ਸਾਰੇ। ਦਾਤੇ–ਹੇ ਦੇਣ ਵਾਲੇ!। ਸੁਆਮੀ–ਹੇ ਮਾਲਕ!। ਬਿਨਉ–ਬੇਨਤੀ। ਦੀਨਾ–ਮੈਂ ਗਰੀਬ ਦੀ। ਦੇਹੁ ਦਰਸੁ–ਦਰਸ਼ਨ ਦੇਵੋ। ਬਲਿਹਾਰੀ–ਮੈਂ ਬਲਿਹਾਰ ਹਾਂ। ਜੀਅੜਾ–ਮਨ। ਬਲਿ ਕੀਨਾ–ਕੁਰਬਾਨ ਕੀਤਾ ਹੈ।੧।

ਇਹੁ ਤਨੁ ਮਨੁ ਤੇਰਾ, ਸਭਿ ਗੁਣ ਤੇਰੇ ॥ ਖੰਨੀਐ ਵੰਞਾ ਦਰਸਨ ਤੇਰੇ ॥ ਦਰਸਨ ਤੇਰੇ ਸੁਣਿ ਪ੍ਰਭ ਮੇਰੇ, ਨਿਮਖ ਦ੍ਰਿਸਟਿ ਪੇਖਿ ਜੀਵਾ ॥ ਅੰਮ੍ਰਿਤ ਨਾਮੁ ਸੁਨੀਜੈ ਤੇਰਾ, ਕਿਰਪਾ ਕਰਹਿ ਤ ਪੀਵਾ ॥ ਆਸ ਪਿਆਸੀ ਪਿਰ ਕੈ ਤਾਈ, ਜਿਉ ਚਾਤ੍ਰਿਕੁ ਬੂੰਦੇਰੇ ॥ ਕਹੁ ਨਾਨਕ ਜੀਅੜਾ ਬਲਿਹਾਰੀ, ਦੇਹੁ ਦਰਸੁ ਪ੍ਰਭ ਮੇਰੇ ॥੨॥ (ਹੇ ਪ੍ਰਭੂ!) ਇਹ ਸਰੀਰ ਤੇ ਮਨ ਤੇਰਾ ਬਖਸ਼ਿਆ ਹੋਇਆ ਹੈ ਅਤੇ ਸਾਰੇ ਗੁਣ ਵੀ ਤੇਰੇ ਹੀ ਬਖਸ਼ੇ ਹੋਏ ਹਨ। ਮੈਂ ਤੇਰੇ ਦਰਸ਼ਨਾਂ ਤੋਂ ਟੋਟੇ ਟੋਟੇ (ਕੁਰਬਾਨ) ਹੋ ਜਾਵਾਂ। ਹੇ ਮੇਰੇ ਪ੍ਰਭੂ! ਤੂੰ ਸੁਣ, ਮੈਂ ਤੇਰੇ ਦਰਸ਼ਨਾਂ ਤੋਂ ਕੁਰਬਾਨ ਹਾਂ, ਤੂੰ ਅੱਖ ਝਮਕਣ ਜਿੰਨੇ ਸਮੇਂ ਲਈ (ਮੇਰੇ ਵੱਲ) ਮੇਹਰ ਦੀ ਨਜਰ ਕਰ, ਮੈਂ ਤੈਨੂੰ ਦੇਖ ਕੇ ਹੀ ਜਿਉਂਦਾ ਹਾਂ। ਤੇਰਾ ਨਾਮ ਅੰਮ੍ਰਿਤ ਰੂਪ ਸੁਣੀਦਾ, ਜੇ ਤੂੰ ਕ੍ਰਿਪਾ ਕਰੇਂ, ਤਾਂ ਮੈਂ (ਤੇਰਾ ਅੰਮ੍ਰਿਤ ਨਾਮ) ਪੀਵਾਂ। (ਹੇ ਸਖੀ! ਮੈਨੂੰ) ਪਤੀ ਦੇ ਦਰਸ਼ਨਾਂ ਵਾਸਤੇ ਆਸ ਹੈ ਤੇ ਮੈਂ (ਉਸ ਦੇ ਦਰਸ਼ਨਾਂ ਦੀ) ਪਿਆਸੀ ਹਾਂ, ਜਿਵੇਂ ਬਬੀਹਾ ਸਵਾਂਤੀ ਬੂੰਦ ਲਈ ਤਿਹਾਇਆ

ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! ਮੈਨੂੰ ਦਰਸ਼ਨ ਦੇਹ, ਮੈਂ ਤੈਥੋਂ ਅਪਣਾ ਮਨ ਕੁਰਬਾਨ ਕਰਦਾ ਹਾਂ।੨।
ਪਦਾਰਥ = ਤਨੁ–ਸਰੀਰ।ਖੰਨੀਐ ਵੰਞਾ–ਟੋਟੇ ਟੋਟੇ ਹੋ ਜਾਵਾਂ।ਪ੍ਰਭ ਮੇਰੇ–ਹੇ ਮੇਰੇ ਪ੍ਰਭੂ!।ਨਿਮਖ–ਅੱਖ ਝਮਕਣ ਜਿੰਨਾ ਸਮਾਂ। ਦ੍ਰਿਸਟਿ–ਮੇਹਰ ਦੀ ਨਜਰ।ਪੇਖਿ–ਦੇਖ ਕੇ।ਜੀਵਾ–ਜਿਉਂਦਾ ਹਾਂ।ਸੁਨੀਜੈ–ਸੁਣੀਦਾ ਹੈ।ਕਰਹਿ–ਜੇ ਤੂੰ ਕਰੇਂ।ਤ ਪੀਵਾ–ਤਾਂ ਪੀਵਾਂ। ਪਿਰ–ਪਤੀ ਪ੍ਰਭੂ।ਕੈ ਤਾਈ–ਦੇ ਵਾਸਤੇ।ਚਾਤ੍ਰਿਕੁ–ਪਪੀਹਾ।ਬੂੰਦੇਰੇ–ਸਵਾਂਤੀ ਬੂੰਦ।ਜੀਅੜਾ–ਮਨ; ਜਿੰਦ।੨।
ਤੂੰ ਸਾਚਾ ਸਾਹਿਬੁ ਸਾਹੁ ਅਮਿਤਾ ॥ ਤੂ ਪ੍ਰੀਤਮੁ ਪਿਆਰਾ ਪ੍ਰਾਨ ਹਿਤ ਚਿਤਾ ॥ ਪ੍ਰਾਨ ਸੁਖ ਦਾਤਾ ਗੁਰਮੁਖਿ ਜਾਤਾ, ਸਗਲ ਰੰਗ ਬਨਿ ਆਏ ॥ ਸੋਈ ਕਰਮੁ ਕਮਾਵੈ ਪ੍ਰਾਣੀ, ਜੇਹਾ ਤੂ ਫੁਰਮਾਏ ॥ ਜਾ ਕਉ ਕ੍ਰਿਪਾ ਕਰੀ ਜਗਦੀਸੁਰਿ, ਤਿਨਿ ਸਾਧ ਸੰਗਿ ਮਨੁ ਜਿਤਾ ॥ ਕਹੁ ਨਾਨਕ ਜੀਅੜਾ ਬਲਿਹਾਰੀ, ਜੀਉ ਪਿੰਡੁ ਤਉ ਦਿਤਾ ॥੩॥ (ਹੇ ਪ੍ਰਭੂ! ਸਾਰੇ ਜੀਵਾਂ ਦਾ) ਤੂੰ ਸਦਾ ਕਾਇਮ ਰਹਿਣ ਵਾਲਾ ਮਾਲਕ ਅਤੇ ਤੂੰ ਬੇਅੰਤ ਵੱਡਾ ਸ਼ਾਹ ਹੈਂ।ਤੂੰ ਪਿਆਰਾ ਪ੍ਰੀਤਮ ਅਤੇ ਤੂੰ ਪ੍ਰਾਣਾਂ ਤੇ ਚਿੱਤ ਦਾ ਪਿਆਰਾ ਹੈਂ।ਤੂੰ ਜੀਵਾਂ ਦੇ ਪ੍ਰਾਣਾਂ ਤੇ ਸੁਖਾਂ ਦਾ ਦਾਤਾ ਹੈਂ, (ਜਿਸ ਮਨੁੱਖ ਨੇ ਤੈਨੂੰ) ਗੁਰੂ ਦੁਆਰਾ ਜਾਣ ਲਿਆ ਹੈ, (ਉਸ ਦੇ ਅੰਦਰ) ਸਾਰੇ ਅਨੰਦ ਬਣ ਆਏ ਹਨ ।(ਹੇ ਪ੍ਰਭੂ!) ਪ੍ਰਾਣਾਂ ਧਾਰੀ ਜੀਵ ਉਹ ਹੀ ਕਰਮ ਕਰਦਾ ਹੈ, ਜਿਹੋ ਜਿਹਾ ਤੂੰ (ਉਸ ਨੂੰ) ਹੁਕਮ ਕਰਦਾ ਹੈਂ।(ਹੇ ਭਾਈ!) ਜਗਤ ਦੇ ਮਾਲਕ ਪ੍ਰਭੂ ਨੇ ਜਿਸ ਮਨੁੱਖ ਉਤੇ ਕ੍ਰਿਪਾ ਕੀਤੀ ਹੈ, ਉਸ ਨੇ ਸਾਧ ਸੰਗਤ ਵਿਚ ਰਹਿ ਕੇ ਅਪਣਾ ਮਨ ਜਿੱਤ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰਾ ਮਨ (ਤੇਰੇ ਤੋਂ) ਬਲਿਹਾਰ ਹੈ, ਮੇਰਾ ਮਨ ਤੇ ਸਰੀਰ ਤੇਰਾ ਹੀ ਦਿਤਾ ਹੋਇਆ ਹੈ।੩।
ਪਦਾਰਥ = ਸਾਚਾ ਸਾਹਿਬੁ–ਸਦਾ ਕਾਇਮ ਰਹਿਣ ਵਾਲਾ ਮਾਲਕ।ਸਾਹੁ–ਪਾਤਸ਼ਾਹ।ਅਮਿਤਾ–ਬੇਅੰਤ; ਮਿਣਤੀ ਰਹਿਤ।ਪ੍ਰਾਨ ਹਿਤ –ਪ੍ਰਾਣਾਂ ਦਾ ਪਿਆਰਾ।ਚਿਤਾ–ਚਿੱਤ ਦਾ।ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ।ਜਾਤਾ–ਜਾਣਿਆ ਹੈ।ਸਗਲ ਰੰਗ–ਸਾਰੇ ਆਤਮਕ ਅਨੰਦ।ਬਨਿ ਆਏ–ਬਣ ਆਏ ਹਨ।ਸੋਈ–ਉਹ ਹੀ।ਕਰਮ ਕਮਾਵੈ–ਕੰਮ ਕਰਦਾ ਹੈ।ਪ੍ਰਾਣੀ–ਪ੍ਰਾਣ ਧਾਰੀ ਜੀਵ।ਫੁਰਮਾਏ– ਹੁਕਮ ਕਰਦਾ ਹੈਂ।ਜੇਹਾ–ਜਿਹੋ ਜਿਹਾ।ਜਾ ਕਉ–ਜਿਸ ਉਤੇ।ਕਰੀ–ਕੀਤੀ ਹੈ।ਜਗਦੀਸੁਰਿ–ਜਗਤ ਦੇ ਮਾਲਕ ਪ੍ਰਭੂ ਨੇ।ਤਿਨਿ– ਉਸ ਨੇ।ਜਿਤਾ–ਜਿੱਤ ਲਿਆ।ਜੀਅੜਾ–ਮਨ।ਬਲਿਹਾਰੀ–ਕੁਰਬਾਨ ਹਾਂ।ਪਿੰਡੁ–ਸਰੀਰ।ਤਉ ਦਿਤਾ–ਤੇਰਾ ਦਿਤਾ ਹੋਇਆ ਹੈ।੩।
ਨੋਟ = ਚਿਤਾ ਨੂੰ ਚਿੱਤਾ, ਜਿਤਾ ਨੂੰ ਜਿੱਤਾ ਅਧਕ ਲਾ ਕੇ ਪੜ੍ਹੋ।
ਨਿਰਗੁਣੁ ਰਾਖਿ ਲੀਆ, ਸੰਤਨ ਕਾ ਸਦਕਾ ॥ ਸਤਿਗੁਰਿ ਢਾਕਿ ਲੀਆ, ਮੋਹਿ ਪਾਪੀ ਪੜਦਾ ॥ ਢਾਕਨਹਾਰੇ ਪ੍ਰਭੂ ਹਮਾਰੇ, ਜੀਅ ਪ੍ਰਾਨ ਸੁਖ ਦਾਤੇ ॥ ਅਬਿਨਾਸੀ ਅਬਿਗਤ ਸੁਆਮੀ, ਪੂਰਨ ਪੁਰਖ ਬਿਧਾਤੇ ॥ ਉਸਤਤਿ ਕਹਨੁ ਨ ਜਾਇ ਤੁਮਾਰੀ, ਕਉਣੁ ਕਹੈ ਤੂ ਕਦ ਕਾ ॥ ਨਾਨਕ ਦਾਸੁ ਤਾ ਕੈ ਬਲਿਹਾਰੀ, ਮਿਲੈ ਨਾਮੁ ਹਰਿ ਨਿਮਕਾ ॥੪॥੧॥੧੧॥ (ਹੇ ਭਾਈ!) ਸੰਤਾਂ ਦੇ ਸਦਕੇ ਮੈਨੂੰ ਗੁਣ ਹੀਣ ਨੂੰ (ਗੁਰੂ ਨੇ ਪਾਪਾਂ ਤੋਂ) ਬਚਾ ਲਿਆ ਹੈ।ਸਤਿਗੁਰੂ ਨੇ ਮੇਰਾ ਪਾਪੀ ਦਾ ਪੜਦਾ ਢਕ ਲਿਆ ਹੈ (ਪਾਪ ਪ੍ਰਗਟ ਨਹੀਂ ਹੋਣ ਦਿਤੇ)।ਹੇ (ਜੀਵਾਂ ਦੇ ਪਾਪ) ਢਕਣ ਵਾਲੇ ਸਾਡੇ ਪ੍ਰਭੂ! ਹੇ ਜੀਵਨ ਦੇ ਦਾਤੇ! ਹੇ ਪ੍ਰਾਣਾਂ ਦੇ ਦਾਤੇ! ਹੇ ਸੁੱਖਾਂ ਦੇ ਦਾਤੇ ਪ੍ਰਭੂ!।ਹੇ ਨਾਸ਼ ਰਹਿਤ ਅਦ੍ਰਿਸ਼ਟ ਪ੍ਰਭੂ! ਹੇ ਰਚਨਹਾਰ ਪੂਰਨ ਪੁਰਖ!।(ਕਿਸੇ ਤੋਂ ਵੀ) ਤੇਰੀ ਉਸਤਤੀ ਕਹੀ ਨਹੀਂ ਜਾ ਸਕਦੀ (ਕਿਉਂਕਿ ਤੂੰ ਬੇਅੰਤ ਹੈਂ), ਕੌਣ ਕਹਿ ਸਕਦਾ ਹੈ ਕਿ ਤੂੰ ਕਦੋਂ ਦਾ ਹੈਂ (ਕਿਉਂਕਿ ਤੂੰ ਅਨਾਦੀ ਹੈਂ, ਸਦਾ ਤੋਂ ਹੈਂ।ਹੇ ਪ੍ਰਭੂ! ਤੇਰਾ) ਦਾਸ ਨਾਨਕ ਉਸ ਗੁਰੂ ਦੇ ਕੁਰਬਾਨ ਹੈ, (ਜਿਸ ਦੀ ਕ੍ਰਿਪਾ ਨਾਲ) ਨਿਮਖ ਮਾਤ੍ਰ ਸਮੇਂ ਲਈ ਹਰੀ ਦਾ ਨਾਮ ਮਿਲ ਜਾਂਦਾ ਹੈ।੪।੧।੧੧।
ਪਦਾਰਥ = ਨਿਰਗੁਣ–ਗੁਣ ਹੀਣ।ਸੰਤਨ ਕਾ ਸਦਕਾ–ਸੰਤਾਂ ਦੇ ਭਰੋਸੇ ਕਰਕੇ।ਸਤਿਗੁਰਿ–ਸਤਿਗੁਰੂ ਨੇ।ਮੋਹਿ ਪਾਪੀ–ਮੇਰਾ ਪਾਪੀ ਦਾ।ਢਾਕਨਹਾਰੇ–ਹੇ (ਸਾਡੇ ਪੜਦੇ) ਢਕਣ ਵਾਲੇ!।ਜੀਅ ਪ੍ਰਾਨ–ਹੇ ਜੀਵਨ ਅਤੇ ਪ੍ਰਾਣਾਂ ਦੇ ਦਾਤੇ!।ਅਬਿਨਾਸੀ–ਨਾਸ਼ ਰਹਿਤ ਪ੍ਰਭੂ ।ਅਬਿਗਤ ਸੁਆਮੀ–ਹੇ ਵਿਅਕਤੀ ਰਹਿਤ ਮਾਲਕ!; ਹੇ ਅਦ੍ਰਿਸ਼ਟ ਮਾਲਕ!।ਪੂਰਨ ਪੁਰਖ–ਸਰਬ ਗੁਣ ਭਰਪੂਰ ਅਕਾਲ ਪੁਰਖ। ਬਿਧਾਤੇ–ਹੇ ਰਚਨਹਾਰ! ਹੇ ਕਰਮਾਂ ਅਨੁਸਾਰ ਫਲ ਦੇਣ ਵਾਲੇ ਪ੍ਰਭੂ!।ਕਉਣੁ ਕਹੈ–ਕੌਣ ਕਹਿ ਸਕਦਾ ਹੈ।ਕਦਕਾ–ਕਦੋਂ ਦਾ। ਤਾ ਕੈ–ਉਸ (ਗੁਰੂ) ਦੇ।ਬਲਿਹਾਰੀ–ਕੁਰਬਾਨ ਹਾਂ।ਨਿਮਕਾ–ਨਿਮਖ ਮਾਤ੍ਰ (ਅੱਖ ਝਮਕਣ ਜਿੰਨੇ ਸਮੇਂ ਲਈ)।੪।੧।੧੧।

ਛੰਤ ਮਹਲਾ ੧ = ੬, ਛੰਤ ਮਹਲਾ ੪ = ੪ ਅਤੇ ਛੰਤ ਮਹਲਾ ੫ = ੧ ਕੁਲ ਜੋੜ = ੧੧